# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਐਮ. ਏ. (ਪੰਜਾਬੀ) ਭਾਗ ਦੂਜਾ ਸਮੈਸਟਰ ਚੌਥਾ

ਪੇਪਰ : ਦੂਜਾ (ਲੋਕਧਾਰਾ ਅਤੇ ਪੰਜਾਬੀ ਲੋਕਧਾਰਾ) ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.

1. ਲੋਕਧਾਰਾ ਦੀ ਪਰਿਭਾਸ਼ਾ ਤੇ ਲੱਛਣ, ਲੋਕਧਾਰਾ ਸ਼ਾਸਤਰ
2. ਲੋਕਧਾਰਾ ਦੇ ਪ੍ਰਮੁਖ ਖੇਤਰ
3. ਲੋਕ-ਕਾਵਿ
4. ਲੋਕ-ਕਥਾਵਾਂ
5. ਅਖੌਤਾਂ ਅਤੇ ਬੁਝਾਰਤਾਂ
6. ਲੋਕਧਾਰਾ ਅਤੇ ਮੀਡੀਆ

**Department website : www.pbidde.org**

ਪਾਠ ਨੰ. 1.1 ਲੇਖਕ : ਡਾ. ਕਰਨੈਲ ਸਿੰਘ ਥਿੰਦ

## I. ਲੋਕਧਾਰਾ : ਸਿਧਾਂਤਕ ਪੱਖ

**ਪਾਠ ਦਾ ਮੰਤਵ**

ਇਸ ਪਾਠ ਵਿਚ ਲੋਕਧਾਰਾ ਦੇ ਸਿਧਾਂਤਕ ਪੱਖ ਅਥਵਾ ਲੋਕਧਾਰਾ ਦੀ ਪਰਿਭਾਸ਼ਾ ਅਤੇ ਲੋਕਧਾਰਾ ਸ਼ਾਸਤਰ ਸਬੰਧੀ ਚਰਚਾ ਕੀਤੀ ਗਈ ਹੈ। ਸਪੱਸ਼ਟ ਰੂਪ ਵਿਚ ਪਾਠ ਦੇ ਦੋ ਭਾਗ ਹਨ, ਪਹਿਲਾ ਲੋਕਧਾਰਾ ਦੀ ਪਰਿਭਾਸ਼ਾ ਸਬੰਧੀ ਹੈ ਅਤੇ ਦੂਸਰਾ ਲੋਕਧਾਰਾ ਸ਼ਾਸਤਰ ਸੰਬੰਧੀ।

ਲੋਕਧਾਰਾ ਇਕ ਅਸਲੋਂ ਵੱਖਰਾਂ ਤੇ ਨਿਵੇਕਲਾਂ ਖੇਤਰ ਹੈ। ਇਸ ਖੇਤਰ ਵਿਚ ਦਾਖਲ ਹੋਣ ਤੋਂ ਪਹਿਲਾਂ ਸਭ ਤੋਂ ਪਹਿਲੀ ਤੇ ਵੱਡੀ ਜ਼ਰੂਰਤ ਇਸ ਦੀ ਪਰਿਭਾਸ਼ਾ ਨਿਸ਼ਚਿਤ ਕਰਨ ਦੀ ਹੈ। ਅਸੀਂ ਵੱਖ-ਵੱਖ ਵਿਦਵਾਨਾਂ ਦੇ ਵਿਚਾਰਾਂ ਤੋਂ ਸਹਾਇਤਾ ਲੈ ਕੇ ਲੋਕਧਾਰਾ ਦੀ ਪਰਿਭਾਸ਼ਾ ਉਸਾਰਨ ਦਾ ਯਤਨ ਕੀਤਾ ਹੈ। ਪਰਿਭਾਸ਼ਾ ਤੋਂ ਪਿਛੋਂ ਇਸ ਦੇ ਸ਼ਾਸਤਰੀ ਆਧਾਰਾਂ ਨੂੰ ਸਪੱਸ਼ਟ ਤੇ ਨਿਸ਼ਚਿਤ ਕਰਨਾ ਦੂਸਰਾ ਵੱਡਾ ਮਸਲਾ ਹੈ, ਜਿਸ ਨੂੰ 'ਅ' ਭਾਗ ਵਿਚ ਨਜਿੱਠਿਆ ਗਿਆ ਹੈ।

### (ੳ) ਲੋਕਧਾਰਾ ਦੀ ਪਰਿਭਾਸ਼ਾ ਤੇ ਲੱਛਣ

1.1 ਅਜੋਕਾ ਯੁੱਗ ਵਿਗਿਆਨ ਦਾ ਯੁੱਗ ਹੈ ਅਤੇ ਇਸ ਯੁੱਗ ਦੀ ਸਭ ਤੋਂ ਵੱਡੀ ਤੇ ਗਿਣਨਯੋਗ ਪ੍ਰਾਪਤੀ ਸ਼ਬਦਾਂ ਤੇ ਸੰਕਲਪਾਂ ਦੇ ਅਰਥ-ਦਾਇਰਿਆਂ ਨੂੰ ਨਿਸ਼ਚਿਤ ਕਰਨ ਵਿਚ ਹੈ। ਇਸ ਦਿਸ਼ਾ ਵਿਚ ਵਿਦਵਾਨਾਂ ਨੇ ਬਹੁਤ ਸਾਰੀਆਂ ਪ੍ਰਾਪਤੀਆਂ ਕੀਤੀਆਂ ਹਨ। ਇਨ੍ਹਾਂ ਯਤਨਾਂ ਵਿਚ ਪ੍ਰਾਪਤੀਆਂ ਦੇ ਨਾਲ-ਨਾਲ ਕੁਝ ਕੁ ਅਨਿਸ਼ਚੇ ਖ਼ਤਮ ਕਰਕੇ, ਸੰਕਲਪ ਦੇ ਅਰਥ ਖੇਤਰਾਂ ਨੂੰ ਸੁਨਿਸ਼ਚਿਤ ਕਰਨ ਦੀ ਦਿਸ਼ਾ ਵੱਲ ਵੀ ਯਤਨ ਜਾਰੀ ਹੈ। ਇਨ੍ਹਾਂ ਸਭਨਾਂ ਯਤਨਾਂ ਦਾ ਵਿਸ਼ੇਸ਼ ਸੰਕਲਪ ਨਾਲ ਜੁੜੇ ਜਾਂ ਜਾਣ ਬੁੱਝ ਕੇ ਜੋੜੇ ਜਾਂਦੇ ਭਰਮ ਭੁਲੇਖਿਆਂ ਦੀ ਅਭਿਧਾਰਨਾ ਤੇ ਖੇਤਰ ਨੂੰ ਨਿਸ਼ਚਿਤ ਕਰਨ ਦੇ ਨਾਲ ਨਾਲ ਉਨ੍ਹਾਂ ਭਰਮ ਭੁਲੇਖਿਆਂ ਦੀ ਨਿਵਰਤੀ ਕਰਨ ਦਾ ਉੱਦਮ ਕੀਤਾ ਹੈ ਜਿਹੜੇ ਇਸ ਦੇ ਖੇਤਰ ਨੂੰ ਸਪਸ਼ਟ ਕਰਦੇ ਹਨ।

1.2 'ਲੋਕਧਾਰਾ' ਅੰਗਰੇਜ਼ੀ ਦੇ ਪਦ 'ਫੋਕਲੋਰ' (Folklore) ਦਾ ਪੰਜਾਬੀ ਪਰਿਆਇ ਨਿਸ਼ਚਤ ਕੀਤਾ ਗਿਆ ਹੈ। ਅੰਗਰੇਜ਼ੀ ਵਿਚ ਪਦ 'ਫੋਕ' ਦੇ ਅਰਥ 'ਲੋਕ', 'ਰਾਸ਼ਟਰ', 'ਜਾਤੀ' ਜਾਂ 'ਜਨ ਸਮੂਹ' ਜਾਂ 'ਵਰਗ-ਵਿਸ਼ੇਸ਼' ਹਨ। 'ਫੋਕ' ਦੇ ਪ੍ਰਸੰਗ ਵਿਚ ਆਮ ਤੌਰ ਤੇ ਅਸਭਿਆ ਜਾਤੀਆਂ ਦੇ ਜਨ-ਸਮੂਹ ਜਾਂ ਸਮਾਜ ਦੇ ਨੀਵੇਂ ਵਰਗ ਨੂੰ, ਜੋ ਪੁਰਾਣੇ ਵਿਚਾਰਾਂ ਦਾ ਧਾਰਨੀ ਹੋਵੇ ਅਤੇ ਜਿਸ ਦੁਆਰਾ ਸਭਿਅਤਾ ਤੋਂ ਦੂਰ ਰਹਿਣ ਵਾਲੀ ਜਾਤੀ ਦਾ ਬੋਧ ਹੋਵੇ 'ਫੋਕ' ਕਿਹਾ ਜਾਂਦਾ ਹੈ। ਰਵੀਦਰ ਭਮਰ ਵੀ 'ਲੋਕ ਦਾ ਭਾਵ ਅਜਿਹੇ ਮਾਨਵ-ਸਮਾਜ ਤੋਂ ਲੈਂਦਾ ਹੈ ਜਿਹੜਾ ਆਪਣੇ ਪਰੰਪਰਾਗਤ ਰੀਤੀ-ਰਿਵਾਜਾਂ ਅਤੇ ਆਦਿਮ ਵਿਸ਼ਵਾਸਾਂ ਸੰਬੰਧੀ ਆਸਥਾਸ਼ੀਲ ਹੋਣ ਕਾਰਨ ਅਸ਼ਿਕਸ਼ਿਤ ਜਾਂ ਅਲਪ ਸਭਿਆ ਅਖਵਾਉਂਦਾ ਹੈ।[2] ਇਹ ਦੋਵੇਂ ਧਾਰਨਾਵਾਂ 'ਲੋਕ' (Folk) ਨੂੰ ਬਹੁਤ ਹੀ ਸੰਕੁਚਿਤ ਅਰਥਾਂ ਵਿਚ

* ਡਾ. ਕਰਨੈਲ ਸਿੰਘ ਥਿੰਦ ਲੋਕਧਾਰਾ ਲਈ ਲੋਕਯਾਨ ਸ਼ਬਦ ਦੀ ਵਰਤੋਂ ਕਰਦੇ ਹਨ। ਇਸ ਪਾਠ ਵਿਚ ਉਹਨਾਂ ਦੁਆਰਾ ਲਿਖੇ ਸ਼ਬਦ ਨੂੰ ਪੇਪਰ ਅਨੁਸਾਰ ਬਦਲਿਆ ਗਿਆ ਹੈ। ਡਾ. ਥਿੰਦ ਲੋਕਯਾਨ ਸ਼ਬਦ ਵਰਤਣ ਦੇ ਸਮਰਥਕ ਹਨ। ਦੋਹਾਂ ਸ਼ਬਦਾਂ ਦੇ ਅਰਥ ਸਮਾਨ ਹਨ।

ਬੰਨ੍ਹਦੀਆਂ ਅਤੇ ਕਈ ਪ੍ਰਕਾਰ ਦੇ ਭਰਮ ਭੁਲੇਖਿਆਂ ਦਾ ਸੰਚਾਰ ਕਰਦੀਆਂ ਹਨ। 'ਲੋਕ' ਦੀ ਭਾਵਨਾ ਨੂੰ ਕੇਵਲ ਗਵਾਰ, ਉਜੱਡ, ਅਸਭਯ ਅਤੇ ਸ਼ਹਿਰੀ ਸਭਿਅਤਾ ਤੋਂ ਅਭਿੱਜ ਜਾਂ ਜੰਗਲਾਂ ਵਿਚ ਵੱਸਦੇ ਲੋਕਾਂ ਤਕ ਸੀਮਤ ਕਰ ਦੇਣਾ ਠੀਕ ਨਹੀਂ। ਇਸਦੇ ਟਾਕਰੇ ਦੇ ਸ਼ਬਦ 'ਲੋਕਤੰਤਰ' ਵਿਚ 'ਲੋਕ' ਪਦ ਜਰਮਨ ਸ਼ਬਦ 'ਫੋਕ' (Folk) ਵਾਂਗ ਸਮੁੱਚੇ ਰਾਸ਼ਟਰ ਜਾਂ ਕੌਮ ਦਾ ਸੂਚਕ ਹੈ। ਇਥੇ 'ਲੋਕ' ਦਾ ਪ੍ਰਯੋਗ ਬਹੁਤ ਹੀ ਵਿਸਤ੍ਰਿਤ ਅਰਥਾਂ ਵਿਚ ਹੋਇਆ ਹੈ। 'ਲੋਕਧਾਰਾ' ਦੇ ਪ੍ਰਕਰਣ ਵਿਚ 'ਲੋਕ' ਦੀ ਇਹ ਭਾਵਨਾ ਵੀ ਢੁਕਵੀ ਹੈ।

ਲੋਕਧਾਰਾ-ਸ਼ਾਸਤਰ (Science of Folklore) ਦੀਆਂ ਨਵੀਨ ਪ੍ਰਵਿਰਤੀਆਂ ਵਿਚ ਕਈ ਵਾਰ 'ਗ੍ਰਾਮ' ਅਤੇ 'ਜਨ' ਪਦਾਂ ਦਾ ਉਪਯੋਗ ਵੀ 'ਫੋਕ' ਦੇ ਅਰਥਾਂ ਵਿਚ ਕੀਤਾ ਜਾਂਦਾ ਹੈ। 'ਗ੍ਰਾਮ' (ਪੇਂਡੂ) ਪਦ 'ਲੋਰ' ਦੀ ਵਿਸ਼ਾਲ ਭਾਵਨਾ ਨੂੰ ਸੀਮਤ ਕਰ ਦੇਂਦਾ ਹੈ ਅਤੇ ਡਾ. ਭ੍ਰਮਰ ਦੀ ਧਾਰਨਾ ਦੇ ਨੇੜੇ ਪੁੱਜ ਜਾਂਦਾ ਹੈ। 'ਜਨ' ਪ੍ਰਾਚੀਨ ਸ਼ਬਦ ਹੈ। ਪ੍ਰਾਚੀਨ ਅਤੇ ਮੱਧਕਾਲੀਨ ਆਰਿਆਈ ਭਾਸ਼ਾਵਾਂ ਸੰਸਕ੍ਰਿਤ ਅਤੇ ਪਾਲੀ ਆਦਿ ਦੇ ਗ੍ਰੰਥਾਂ ਵਿਚ ਮਾਨਵ-ਸਮਾਜ ਦਾ ਬੋਧ 'ਜਨ' ਪਦ ਦੁਆਰਾ ਕਰਾਇਆ ਮਿਲਦਾ ਹੈ।[3] ਪਰੰਤੂ ਲੋਕਧਾਰਾ ਖੇਤਰ ਦੇ ਸਬੰਧਤ ਵਿਸ਼ਿਆਂ ਲੋਕ-ਸਾਹਿਤ, ਲੋਕ-ਧਰਮ, ਅਨੁਸ਼ਠਾਨ, ਲੋਕ-ਵਿਸ਼ਵਾਸ ਆਦਿ ਦੇ ਸੰਦਰਭ ਵਿਚ 'ਲੋਕ' ਪਦ ਦੇ ਟਾਕਰੇ 'ਤੇ ਫੋਕ ਦੀ ਭਾਵਨਾ ਨੂੰ ਸ਼ੁੱਧ ਰੂਪ ਵਿਚ ਮੂਰਤੀਮਾਨ ਕਰਦਾ ਹੈ। ਪ੍ਰਾਚੀਨ ਭਾਰਤੀ ਸਾਹਿਤ ਵਿਚ ਉਪਲੱਬਧ 'ਲੋਕ ਪਰਿਪਾਟੀ' ਪਦ ਵੀ 'ਵੇਦ-ਪਰਿਪਾਟੀ' ਦੇ ਟਾਕਰੇ 'ਤੇ 'ਲੋਕ' ਦੀ ਆਂਤਰਿਕ ਭਾਵਨਾ ਨੂੰ ਵਧੇਰੇ ਚੰਗੀ ਤਰ੍ਹਾਂ ਉਜਾਗਰ ਕਰਦਾ ਹੈ।

ਡਾ. ਸਤੇਂਦ੍ਰ ਦਾ ਮਤ ਹੈ ਕਿ 'ਲੋਕ' ਮਨੁੱਖੀ ਸਮਾਜ ਦਾ ਉਹ ਵਰਗ ਹੈ ਜੋ ਪੰਡਿਤਾਈ ਤੇ ਸ਼ਾਸਤ੍ਰੀਅਤਾ ਦੀ ਚੇਤਨਾ ਅਤੇ ਅਹੰਕਾਰ ਤੋਂ ਸ਼ੂਨਯ ਇਕ ਪਰੰਪਰਾ ਦੇ ਪ੍ਰਵਾਹ ਵਿਚ ਵਿਚਰਦਾ ਹੈ।[4] ਇਸ ਤਰ੍ਹਾਂ ਜਨ-ਸਾਧਾਰਨ ਦੇ ਅਜਿਹੇ ਸਮੂਹ ਨੂੰ 'ਲੋਕ' ਕਿਹਾ ਜਾਏਗਾ, ਜਿਸ ਕੋਲ ਵਿਰਸੇ ਵਿਚ ਮਿਲੀਆਂ ਪਰੰਪਰਾਵਾਂ ਦਾ ਸਾਂਝਾ ਭੰਡਾਰ ਹੋਵੇ। ਦੂਜੇ ਸ਼ਬਦਾਂ ਵਿਚ ਮਾਨਵ-ਸਮਾਜ ਦਾ ਅਜਿਹਾ ਵਰਗ ਹੀ 'ਲੋਕ' ਹੈ ਜੋ ਲੋਕਯਾਨ ਰੱਖਦਾ ਹੋਵੇ।[5] ਇਹ ਲੋਕਯਾਨ ਕਿਸੇ ਸਮੁੱਚੇ ਰਾਸ਼ਟਰ ਦਾ ਵੀ ਹੋ ਸਕਦਾ ਹੈ ਅਤੇ ਕਿਸੇ ਪ੍ਰਾਂਤ ਕਬੀਲੇ ਜਾਂ ਜਾਤੀ ਦੇ ਵਰਗ ਦਾ ਵੀ।

ਨਵੀਨ ਭਾਰਤੀ ਅਰਿਆਈ ਭਾਸ਼ਾਵਾਂ ਵਿਚੋਂ ਬਹੁਤੀਆਂ ਵਿਚ 'ਲੋਕ' ਪਦ ਨੂੰ ਤਾਂ ਫੋਕ ਦਾ ਸਮਾਨਾਰਥਕ ਮੰਨ ਲਿਆ ਗਿਆ ਹੈ। ਪਰ 'ਲੋਰ' (lore) ਪਦ ਲਈ ਢੁਕਵਾਂ ਸ਼ਬਦ ਲੱਭਣ ਦੀ ਸਮੱਸਿਆ ਬਣੀ ਹੋਈ ਹੈ। ਲੋਰ (lore) ਐਂਗਲੋ-ਸੈਕਸ਼ਨ ਸ਼ਬਦ 'ਲੋਰ' (Lar) ਤੋਂ ਨਿਕਲਿਆ ਹੈ ਅਤੇ ਇਸ ਦਾ ਭਾਵ ਹੈ - 'ਜਿਹੜਾ ਸਿੱਖਿਆ ਜਾਏ।' ਇਸ ਦਾ ਕੋਸ਼ਗਤ ਅਰਥ 'ਵਿਦਿਆ', 'ਗਿਆਨ' ਜਾਂ 'ਸਿਧਾਂਤ' ਹੈ ਪਰ 'ਲੋਕ ਵਿਦਿਆ', 'ਲੋਕ-ਗਿਆਨ' ਜਾਂ 'ਲੋਕ-ਸ਼ਾਸਤ੍ਰ' ਆਦਿ ਪਦ 'ਫੋਕਲੋਰ' ਦੀ ਠੀਕ ਭਾਵਨਾ ਨੂੰ ਪ੍ਰਗਟ ਨਹੀਂ ਕਰਦੇ। ਪ੍ਰੋ. ਤੇਜਾ ਸਿੰਘ ਨੇ 'ਫੋਕਲੋਰ' ਦਾ ਪੰਜਾਬੀ ਅਨੁਵਾਦ 'ਲੋਕ ਪਰੰਪਰਾ' ਕੀਤਾ ਹੈ। ਡਾ. ਵਣਜਾਰਾ ਬੇਦੀ 'ਲੋਕਧਾਰਾ' ਪਦ ਨੂੰ 'ਫੋਕਲੋਰ' ਦਾ ਪੰਜਾਬੀ ਪਰਿਆਇ ਵਜੋਂ ਵਰਤਣ ਦਾ ਸੁਝਾਉ ਦੇਂਦਾ ਹੈ।[6] ਪਰ ਸਾਡੀ ਜਾਚੇ ਇਹ ਦੋਵੇਂ ਸ਼ਬਦ 'ਫੋਕਲੋਰ' ਦੀ ਵਿਸਤ੍ਰਿਤ ਭਾਵਨਾ ਨੂੰ ਬਹੁਤ ਹੀ ਸੀਮਿਤ ਕਰ ਦੇਂਦੇ ਹਨ। ਪੰਜਾਬੀ ਅਤੇ ਹਿੰਦੀ ਦੇ ਵਿਦਵਾਨਾਂ ਨੇ ਲੋਕ-ਵਾਰਤਾ ਅਤੇ ਲੋਕ ਸੰਸਕ੍ਰਿਤੀ ਆਦਿ ਪਦ ਵੀ 'ਫੋਕਲੋਰ' ਦੇ ਅਰਥਾਂ ਵਿਚ ਵਰਤੇ ਹਨ। 'ਵਾਰਤਾ' ਪਦ ਵਿਚ ਕਥਾ ਅਥਵਾ ਕਹਾਣੀ ਦੀ ਭਾਵਨਾ ਸਪਸ਼ਟ ਰੂਪ ਵਿਚ ਵਿਦਮਾਨ ਹੈ। ਇਸ ਤਰ੍ਹਾਂ 'ਲੋਕ ਧਾਰਾ' ਵਾਂਗ 'ਲੋਕ-ਵਾਰਤਾ' ਪਦ ਵੀ ਸੰਦੇਹਯੁਕਤ, ਅਸਪਸ਼ਟ ਅਤੇ ਅਨਿਸ਼ਚਿਤ ਹੈ। ਫ਼ੋਕਲੋਰ ਲਈ ਸਮਾਨਾਰਥਕ ਭਾਰਤੀ ਪਦ ਨਿਸ਼ਚਿਤ ਕਰਨ ਸਬੰਧੀ ਡਾ. ਐਸ.ਕੇ. ਚੈਟਰਜੀ ਲਿਖਦਾ ਹੈ :

ਪਿਤਰ ਪਰੰਪਰਾਗਤ ਜੀਵਨ ਯਾਤਰਾ ਦੀ ਪੱਧਤੀ ਜਿਨ੍ਹਾਂ ਸਮਾਜਕ ਅਨੁਸ਼ਠਾਨਾਂ, ਵਿਸ਼ਵਾਸ ਵਿਚਾਰਾਂ ਤਥਾ ਮੌਖਿਕ ਵਾਣੀ (ਕਵਿਤਾ, ਪਹੇਲੀ, ਕਹਾਵਤ ਆਦਿ) ਦੁਆਰਾ ਆਪਣੇ ਲੌਕਿਕ ਪ੍ਰਕਾਸ਼ ਨੂੰ ਪ੍ਰਾਪਤ ਕਰਦੀ ਹੈ, ਅੰਗਰੇਜ਼ੀ ਵਿਚ ਉਸ ਨੂੰ 'ਫੋਕਲੋਰ' (Folklore) ਕਹਿੰਦੇ ਹਨ। ਇਸ ਦਾ ਭਾਰਤੀ ਸਮਾਨੰਤਰ ਪਦ ਅਸਾਂ 'ਲੋਕਯਾਨ' ਇਨ੍ਹਾਂ ਗੱਲਾਂ ਤੋਂ ਉਤੇਜਿਤ ਹੋ ਕੇ ਬਣਾ ਲਇਆ ਹੈ।[7]

'ਯਾਨ' ਦਾ ਪ੍ਰਚੱਲਿਤ ਅਰਥ 'ਜਾਣਾ' ਜਾਂ 'ਜਾਣ' ਦੀ ਸਵਾਰੀ ਅਥਵਾ ਵਾਹਨ ਹੈ। ਬੁਧ ਧਰਮ ਦੀਆਂ ਸੰਪਰਦਾਵਾਂ ਮਹਾਯਾਨ ਅਤੇ ਸਵਕਯਾਨ ਉਹ ਵਾਹਨ ਦੀਆਂ ਸੂਚਕ ਹਨ ਜਿਸ ਦੁਆਰਾ ਉਸ ਧਰਮ ਦੇ ਜਗਿਆਸੂ ਆਪਣੇ ਲਕਸ਼ ਤਕ ਪਹੁੰਚੇ ਹਨ। ਇਸ ਪ੍ਰਕਾਰ 'ਲੋਕਯਾਨ' ਤੋਂ ਭਾਵ 'ਵਾਹਨ' ਹੈ ਜਿਸ ਉਪਰ ਚੜ੍ਹ ਕੇ ਆਪਣੇ ਜੀਵਨ ਦੀ ਮਾਨਸਿਕ ਤੇ ਸਾਂਸਕ੍ਰਿਤਕ ਯਾਤਰਾ ਤੈਅ ਕਰਦੇ ਹਨ। 'ਲੋਕਧਾਰਾ' ਨੂੰ 'ਫੋਕਲੋਰ' ਦਾ ਪਰਿਆਇ ਨਿਸ਼ਚਿਤ ਕਰਨ ਸਬੰਧੀ ਡਾ. ਭੋਲਾ ਨਾਥ ਤਿਵਾੜੀ ਵੀ ਲਿਖਦਾ ਹੈ :

ਸੱਚਮੁਚ ਲੋਕੋਂ ਕਾ ਜੀਵਨ 'ਫ਼ੋਕਲੋਰ' ਕੇ ਸਾਥ, ਉਸ ਕੇ ਸਹਾਰੇ ਔਰ ਉਸ ਪਰ ਚਲਤਾ ਹੈ। ਇਸ ਦ੍ਰਿਸ਼ਟੀ ਸੇ ਲੋਕਯਾਨ ਮੇਂ ਬਿਨਾਂ ਕਿਸੀ ਪ੍ਰਕਾਰ ਦੀ ਖੀਚਾਤਾਨੀ ਕੇ ਫੋਕਲੋਰ ਕੇ ਅੰਤਰਗਤ ਆਨੇ ਵਾਲੀ ਸਭ ਬਾਤੇਂ ਆ ਜਾਤੀ ਹੈ।[8]

ਲੋਰ (lore) ਪਦ ਵਾਂਗ 'ਯਾਨ' ਪਦ ਵੀ ਵਹਿਣ, ਗਤੀ ਅਤੇ ਚਲਦੇ ਰਹਿਣ ਦੀ ਭਾਵਨਾ ਦਾ ਲਖਾਇਕ ਹੈ। ਇਸ ਪ੍ਰਕਾਰ 'ਲੋਕਯਾਨ' ਕੁਝ ਵਧੇਰੇ ਢੁਕਵੇਂ ਰੂਪ ਵਿਚ 'ਫੋਕਲੋਰ' ਦਾ ਸਮਾਨਾਰਥਕ ਸਿੱਧ ਹੁੰਦਾ ਹੈ। 'ਫੋਕਲੋਰ' ਅਤੇ 'ਲੋਕਯਾਨ' ਵਿਚ ਲੋਕਾਂ ਦੀ ਵਿਦਿਆ ਜਾਂ 'ਲੋਕ-ਗਿਆਨ' ਦੀ ਸਹੀ ਪ੍ਰਤਿਨਿਧਤਾ ਕਰਨ ਦੀ ਸਮਰੱਥਾ ਮੌਜੂਦ ਹੈ। ਲੋਕ-ਜੀਵਨ ਦਾ ਪ੍ਰਵਾਹ ਅਮੁੱਕ ਹੈ ਅਤੇ 'ਲੋਕ' ਸਾਡੇ ਜੀਵਨ ਦਾ ਮਹਾਂਸਾਗਰ ਹੈ ਜਿਸ ਦੇ 'ਯਾਨ' ਵਿਚ ਭੂਤ ਅਤੇ ਵਰਤਮਾਨ 'ਸੰਚਿਤ' ਹਨ। ਮਾਨਵ-ਸਮਾਜ ਦੇ ਇਤਿਹਾਸ ਵਿਚ ਜੋ ਕੁਝ ਵੀ ਸੁੰਦਰ ਹੈ, ਤੇਜਸਵੀ ਉਹ ਕਿਤੇ ਨਾ ਕਿਤੇ 'ਲੋਕ' ਵਿਚ ਸੁਰੱਖਿਅਤ ਹੈ। ਖੇਤੀਬਾੜੀ, ਵਿਗਿਆਨ, ਸਾਹਿਤ ਅਤੇ ਕਲਾ ਦੇ ਭਿੰਨ ਭਿੰਨ ਰੂਪ ਭਾਸ਼ਾਵਾਂ ਦੇ ਸ਼ਬਦ-ਭੰਡਾਰ, ਜੀਵਨ ਦੇ ਆਨੰਦਮਈ ਸੋਮੇ-ਨ੍ਰਿਤ, ਕਥਾ, ਸੰਗੀਤ, ਆਚਾਰ, ਵਿਹਾਰ ਆਦਿ ਸਭ 'ਲੋਕ' ਪਦ ਵਿਚ ਓਤਪੋਤ ਹਨ।[9] ਇਸ ਤਰਾਂ ਫੋਕਲੋਰ ਦੀ ਸਾਰੀ ਸਮੱਗਰੀ ਬਿਨਾਂ ਕਿਸੇ ਵਾਦ-ਵਿਵਾਦ ਦੇ 'ਲੋਕਯਾਨ' ਵਿਚ ਆ ਜਾਂਦੀ ਹੈ। ਇਹ ਅਟੁੱਟ ਪਰੰਪਰਾ ਦਾ ਵੀ ਸੂਚਕ ਹੈ।

'ਲੋਕਧਾਰਾ' ਮਨੁੱਖੀ ਨਸਲ ਜਿੰਨੀ ਹੀ ਪ੍ਰਾਚੀਨ ਵਸਤੂ ਹੈ ਪਰ ਇਸ ਦੀ ਭਾਵਨਾ ਨੂੰ ਠੀਕ ਰੂਪ ਵਿਚ ਪ੍ਰਗਟ ਕਰਨ ਵਾਲਾ ਅੰਗਰੇਜ਼ੀ ਪਦ 'ਫੋਕਲੋਰ' ਸਵਾ ਸੌ ਸਾਲ ਤੋਂ ਵੱਧ ਪੁਰਾਣਾ ਨਹੀਂ। ਸਭਿਅਕ ਜਾਤੀਆਂ ਵਿਚ ਉਪਲੱਬਧ ਲੋਕ ਪ੍ਰਿਯ ਪ੍ਰਾਚੀਨ ਵਸਤਾਂ ਉਨ੍ਹਾਂ ਵਿਚ ਵਿਦਮਾਨ ਅਸੰਸਕਿਤਕ ਪ੍ਰੰਪਰਾਵਾਦੀ ਰੁਚੀਆਂ, ਉਨ੍ਹਾਂ ਦੇ ਵਿਸ਼ਵਾਸਾਂ, ਰੂੜੀਆਂ, ਭਾਵਨਾਵਾਂ, ਕਥਾ-ਕਹਾਣੀਆਂ ਅਤੇ ਕਹਾਵਤਾਂ ਆਦਿ ਦੇ ਸਮੁੱਚੇ ਰੂਪ ਵਿਚ ਪ੍ਰਗਟਾ ਲਈ ਡਬਲਿਊ. ਜੇ. ਥਾਮਸਨ ਨੇ 1846 ਈ. ਵਿਚ 'ਫੋਕਲੋਰ' ਪਦ ਦਾ ਪ੍ਰਯੋਗ ਕੀਤਾ ਸੀ।[10] ਲੈਵੀ ਸਤਰਾਸ ਆਰੰਭਿਕ ਰੀਤੀ ਰਿਵਾਜਾਂ, ਵਿਸ਼ਵਾਸਾਂ, ਕਥਨਾਂ ਅਥਵਾ ਕਲਾ ਦੇ ਅਵਸ਼ੇਸ਼ਾਂ (survivals) ਨੂੰ 'ਲੋਕਧਾਰਾ' ਆਖਦਾ ਹੈ।[11] ਸਪੀਨੋਜ਼ਾਂ ਦਾ ਵਿਚਾਰ ਹੈ ਕਿ ਪ੍ਰਾਚੀਨ ਸਮਿਆਂ ਵਿਚ ਲੋਕਪ੍ਰਿਯ ਗਿਆਨ ਦਾ ਉਹ ਭੰਡਾਰ, ਜੋ ਮਨੁੱਖੀ ਜਾਤੀ ਨੇ ਆਪਣੇ ਅਭਿਆਸ ਰਾਹੀਂ ਇਕੱਤਰ ਕੀਤਾ ਜਾਂ ਜੀਵਨ ਵਿਚ ਵਰਤਿਆ ਅਤੇ ਜੋ ਪਿਤਾ ਪੁਰਖੀ ਅੱਗੇ ਚਲਦਾ ਆਇਆ ਉਹ ਸਭ ਕੁਝ ਲੋਕਧਾਰਾ ਹੈ।[12] ਪਰ ਵਿਰਸੇ ਵਿਚ ਮਿਲਣਾ ਵਾਲਾ ਸਾਰਾ ਗਿਆਨ, ਜਿਸ ਦਾ ਸੰਚਾਰ ਭਾਵੇਂ ਮੌਖਿਕ ਰੂਪ ਵਿਚ ਹੀ ਹੋਇਆ ਹੋਵੇ, ਲੋਕਧਾਰਾ ਦੀ ਸਮੱਗਰੀ ਨਹੀਂ ਬਣ ਸਕਦਾ।[13] ਸ਼ਿਕਾਰ ਖੇਡਣ ਦੇ ਢੰਗ, ਘੋੜੇ ਦੀ ਸਵਾਰੀ, ਤਰਖਾਣਾ ਅਤੇ ਲੁਹਾਰਾ ਕਿੱਤਾ, ਕੱਪੜਾ ਬੁਣਨ ਅਤੇ ਜੁੱਤੀਆਂ ਬਣਾਉਣ ਦੀ ਜਾਂਚ ਤੋਂ ਲੈ ਕੇ ਹਲ ਬਣਾਉਣ ਤੱਕ ਕਿੰਨਾਂ ਕੁਝ ਮਨੁੱਖ ਨੂੰ ਪੀੜ੍ਹੀਓਂ ਪੀੜ੍ਹੀ ਪ੍ਰਾਪਤ ਹੁੰਦਾ ਹੈ, ਪਰ ਇਨ੍ਹਾਂ ਵਿਚੋਂ ਕੁਝ ਵੀ ਲੋਕਧਾਰਾ ਦਾ ਭਾਗ ਨਹੀਂ ਬਣਦਾ। ਇਨ੍ਹਾਂ ਦੇ ਟਾਕਰੇ ਤੇ ਸ਼ਿਕਾਰੀਆਂ ਵਿਚ ਪ੍ਰਚੱਲਿਤ ਲੋਕ ਕਹਾਣੀਆਂ ਅਤੇ ਗੀਤ, ਘੋੜਿਆਂ ਨਾਲ ਜੁੜੇ ਵਿਸ਼ਵਾਸਾਂ (ਮੱਥੇ 'ਚ ਤਾਰੇ ਵਾਲੀ ਘੋੜੀ ਨਹਿਸ਼ ਹੁੰਦੀ ਹੈ ਆਦਿ), ਲੁਹਾਰਾਂ ਅਤੇ ਤਰਖਾਣਾਂ ਦੁਆਰਾ ਤਿਆਰ ਕੀਤੇ ਗਏ ਸੰਦਾਂ ਉਪਰ ਕਈ ਢੰਗਾਂ ਨਾਲ ਸਜਾਵਟ ਫੁਲਕਾਰੀਆਂ ਜਾਂ ਬਾਗ, ਹਲ, ਜੋਤਣ ਸਮੇਂ ਕੀਤੀ ਗਈ ਪ੍ਰਾਰਥਨਾ, ਮੀਂਹ ਨਾ ਪੈਣ ਦੀ ਸੂਰਤ ਵਿਚ ਕੀਤੇ ਗਏ ਯੱਗ ਅਤੇ ਹਵਨ, ਆਪਣੀ ਅਤੇ ਪਸ਼ੂਆਂ ਦੀ ਅਰੋਗਤਾ ਲਈ ਕੀਤੇ ਗਏ ਜਾਦੂ-ਟੂਣੇ ਅਤੇ ਮੰਤਰ ਆਦਿ ਸਭ ਲੋਕਧਾਰਾ ਦਾ ਅੰਗ ਹਨ। ਪਿਤਾ-ਪੁਰਖੀ ਰੂਪ ਵਿਚ ਪ੍ਰਾਪਤ ਕੀਤਾ ਗਿਆ ਕੇਵਲ ਉਹ ਗਿਆਨ ਹੀ 'ਲੋਕਧਾਰਾ' ਦੇ ਖੇਤਰ ਦੀ ਵਸਤੂ ਬਣ ਸਕਦਾ ਹੈ, ਜਿਸ ਵਿਚ ਲੋਕ-ਮਾਨਸ (folk-mind) ਦੀ ਅਭਿਵਿਅਕਤੀ ਹੋਵੇ ਅਤੇ ਪਰੰਪਰਾ ਦੇ ਅੰਸ਼ ਸ਼ਾਮਿਲ ਹੋਣ।

ਸਟੈਂਡਰਡ ਡਿਕਸ਼ਨਰੀ ਆਫ਼ ਫੋਕਲੋਰ, ਮਿਥਸ ਐਂਡ ਲੈਜੰਡਸ ਵਿਚ ਵੱਖ-ਵੱਖ ਅਨੁਸ਼ਠਾਨਾਂ ਦੇ 21 ਵਿਦਵਾਨਾਂ ਦੇ ਫੋਕਲਰ ਸਿਰਲੇਖਾਂ ਹੇਠ ਜੋ ਵਿਚਾਰ ਅੰਕਿਤ ਕੀਤੇ ਹਨ, ਉਨ੍ਹਾਂ ਨਾਲ ਲੋਕਧਾਰਾ ਦੀ ਪ੍ਰਮਾਣਿਕ ਪਰਿਭਾਸ਼ਾ ਬੰਨ੍ਹਣ ਦੀ ਸਮੱਸਿਆ ਹੋਰ ਵੀ ਜਟਿਲ ਹੋ ਜਾਂਦੀ ਹੈ। ਮਾਨਵ-ਵਿਗਿਆਨੀਆਂ ਦੀ ਦ੍ਰਿਸ਼ਟੀ ਤੋਂ ਲੋਕਧਾਰਾ ਸਭਿਆਚਾਰਕ ਮਾਨਵ-ਵਿਗਿਆਨ ਦੀ ਹੀ ਇਕ ਸਾਖ ਹੈ। ਇਸ ਪੱਖ ਤੋਂ ਵੇਖਿਆਂ ਲੋਕਧਾਰਾ ਵਿਚ ਲੋਕ ਸਮੂਹ ਦੀਆਂ ਮੌਖਿਕ ਸਭਿਆਚਾਰਕ ਪਰੰਪਰਾਵਾਂ ਦਾ ਗਿਆਨ ਸ਼ਾਮਿਲ ਹੈ।[14] ਪਰੰਤੂ, ਅਜਿਹਾ ਹੁੰਦੇ ਹੋਏ ਵੀ ਲੋਕਧਾਰਾ ਵਿਚ ਪੁਰਾਣ ਕਥਾ, ਅਵਦਾਨ, ਵਹਿਮ ਭਰਮ, ਰਸਮ-ਰਿਵਾਜਾਂ, ਅਨੁਸ਼ਠਾਨ, ਨ੍ਰਿਤ, ਮਨੁੱਖ ਅਤੇ ਕੁਦਰਤ ਦੀ ਵਿਆਖਿਆ ਆਦਿ ਸ਼ਾਮਲ ਹਨ।[15] ਜੋ ਇਨ੍ਹਾਂ

ਵਿਦਵਾਨਾਂ ਅਤੇ ਲੋਕਧਾਰਾ-ਸ਼ਾਸਤਰੀਆਂ (folklorists) ਦੇ ਵਿਚਾਰਾਂ ਦਾ ਠੀਕ ਰੂਪ ਵਿਚ ਵਿਸ਼ਲੇਸ਼ਣ ਕੀਤਾ ਜਾਏ ਤਾਂ ਅਸੀਂ ਇਸ ਸਿੱਟੇ ਦੇ ਪੁੱਜਦੇ ਹਾਂ।[16]

(i) ਲੋਕ ਸਾਹਿਤ ਅਤੇ ਲੋਕ ਕਲਾ ਨੂੰ ਲੋਕਧਾਰਾ ਦੀ ਸਮੱਗਰੀ ਮੰਨਣ ਵਿਚ ਕਿਸੇ ਨੂੰ ਕ੍ਰਿੰਤੂ ਨਹੀਂ।

(ii) ਚੌਦਾਂ ਵਿਦਵਾਨ ਇਸ ਮੱਤ ਦੇ ਹਾਮੀ ਹਨ ਕਿ ਲੋਕਧਾਰਾ ਵਿਚ ਆਦਿਵਾਸੀ ਕਬੀਲਿਆਂ ਅਤੇ ਅਸੱਭਯ ਸਮਾਜ ਦੇ ਅਸੰਸਕ੍ਰਿਤ ਵਰਗ ਦੀ ਸਮੱਗਰੀ ਸ਼ਾਮਿਲ ਹੈ।

(iii) ਅੱਧੇ ਵਿਦਵਾਨ ਰੀਤੀ ਰਿਵਾਜਾਂ ਅਤੇ ਵਿਸ਼ਵਾਸਾਂ ਨੂੰ ਲੋਕਧਾਰਾ ਵਿਚ ਸ਼ਾਮਿਲ ਕਰਨ ਦੇ ਹਾਮੀ ਹਨ।

(iv) ਬਹੁ-ਸੰਮਤੀ ਭਾਸ਼ਾ ਅਤੇ ਧੰਦਿਆਂ ਨੂੰ ਇਸ ਖੇਤਰ ਵਿਚੋਂ ਬਾਹਰ ਕੱਢਣ ਦੇ ਹੱਕ ਵਿਚ ਹੈ।

(v) ਇਨ੍ਹਾਂ ਪਰਿਭਾਸ਼ਾਵਾਂ ਵਿਚ ਪ੍ਰਾਚੀਨਤਾ, ਅਵਸ਼ੇਸ਼, ਮੌਖਿਕ, ਅਲਿਖਿਤ ਅਤੇ ਸੰਪ੍ਰਦਾਇਕ ਆਦਿ ਪਦ ਵਾਰ-ਵਾਰ ਆਏ ਹਨ।

ਲੋਕਧਾਰਾ-ਸ਼ਾਸਤਰੀ ਆਰਚਰ ਟੇਲਰ ਨੇ ਵਿਸਤ੍ਰਿਤ ਚਰਚਾ ਪਿਛੋਂ ਲੋਕਧਾਰਾ ਸਬੰਧੀ ਇਹ ਪਰਿਭਾਸ਼ਾ ਦਿਤੀ ਹੈ :

''ਲੋਕਧਾਰਾ ਅਜਿਹੀ ਸਮੱਗਰੀ ਹੈ, ਜੋ ਪਰੰਪਰਾਗਤ ਰੂਪ ਵਿਚ ਪ੍ਰਾਪਤ ਹੁੰਦੀ ਹੈ। ਇਹ ਮੌਖਿਕ ਰੂਪ ਵਿਚ ਲੋਕ ਗੀਤਾ, ਲੋਕ ਕਹਾਣੀਆਂ, ਪਹੇਲੀਆਂ, ਅਖੌਤਾਂ ਅਤੇ ਕਈ ਹੋਰ ਰੂਪਾਂ ਵਿਚ ਸ਼ਬਦਾਂ ਦੁਆਰਾ ਸੁਰੱਖਿਅਤ ਕੀਤੀ ਜਾਂਦੀ ਹੈ। ਇਹ ਰੀਤੀ-ਰਿਵਾਜਾਂ ਜਾਂ ਕੰਮ-ਧੰਦਿਆਂ ਦੇ ਰੂਪ ਵਿਚ ਮਿਲਦੀ ਹੈ। ਇਸ ਵਿਚ ਪਰੰਪਰਾਗਤ ਸੰਦ, ਪਦਾਰਥ ਵਸਤਾਂ, ਸਵਾਸਤਿਕ ਚਿੰਨ੍ਹ (ਸ੍ਰੀ ਗਣੇਸ਼ ਆਦਿ ਦਾ ਚਿੰਨ੍ਹ) ਰੂੜ੍ਹ ਹੋ ਚੁੱਕੀਆਂ ਰੀਤੀਆਂ ਅਤੇ ਸੰਪ੍ਰਦਾਇਕ ਵਿਸ਼ਵਾਸ ਸ਼ਾਮਿਲ ਹਨ।''[17]

ਟੇਲਰ ਨੇ ਇਹ ਪਰਿਭਾਸ਼ਾ ਲੋਕਧਾਰਾ ਸਮੱਗਰੀ ਸਬੰਧੀ ਕਾਫ਼ੀ ਭਾਵਪੂਰਤ ਹੁੰਦੀ ਹੋਈ ਵੀ ਸਰਬ ਪ੍ਰਵਾਨ ਨਹੀਂ ਹੋ ਸਕੀ।

ਆਮ ਤੌਰ 'ਤੇ ਲੋਕਧਾਰਾ ਨੂੰ ਆਦਿਮ ਮਾਨਸ ਦੀ ਠੀਕ ਤੇ ਸਿਧੀ ਅਭਿਵਿਅਕਤੀ ਮੰਨ ਕੇ ਪ੍ਰਾਚੀਨ ਲੌਕਿਕ ਵਿਸ਼ਵਾਸਾਂ, ਰਿਵਾਜਾਂ ਅਤੇ ਪਰੰਪਰਾਵਾਂ ਦੇ ਸਮੂਹ ਨੂੰ ਕੇਵਲ ਅਲਪ ਸ਼ਿਕਸ਼ਿਤ ਵਰਗ ਤੱਕ ਹੀ ਸੀਮਤ ਕਰ ਦਿੱਤਾ ਜਾਂਦਾ ਹੈ, ਪਰ ਇਹ ਗੱਲ ਠੀਕ ਨਹੀਂ। ਲੋਕਧਾਰਾ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹੁੰਦੀਆਂ ਹਨ ਅਤੇ ਇਹ ਉਨ੍ਹਾਂ ਲੋਕਾਂ ਵਿਚ ਵੀ ਵਿਦਮਾਨ ਹੁੰਦੀ ਹੈ ਜਿਹੜੇ ਸਭਿਆਚਾਰ ਦੀ ਉਚੀ ਅਵਸਥਾ 'ਤੇ ਪਹੁੰਚੇ ਹੁੰਦੇ ਹਨ। ਪ੍ਰਾਚੀਨ ਅਤੇ ਆਦਮ ਮਾਨਵ ਦੀ ਅਭਿਵਿਅਕਤੀ ਹੁੰਦਿਆਂ ਹੋਇਆਂ ਵੀ ਲੋਕਧਾਰਾ ਸਦਾ ਬਣਦੀ, ਬਦਲਦੀ ਅਤੇ ਵਿਕਾਸ ਕਰਦੀ ਰਹਿੰਦੀ ਹੈ। ਇਹ ਬਹੁਤ ਦੂਰ ਦੀ ਚੀਜ਼ ਨਹੀਂ ਸਗੋਂ ਇਕ ਵਾਸਤਵਿਕ ਤੇ ਸਾਡੇ ਵਿਚ ਵਿਦਮਾਨ ਵਸਤੂ ਹੈ।[18]

ਲੋਕਧਾਰਾ ਸਬੰਧੀ ਵੱਖ-ਵੱਖ ਵਿਦਵਾਨਾਂ ਵਲੋਂ ਪ੍ਰਗਟ ਕੀਤੇ ਗਏ ਵਿਚਾਰਾਂ ਦੇ ਵਿਸ਼ਲੇਸ਼ਣਾਤਮਕ ਅਧਿਐਨ ਦੀ ਰੋਸ਼ਨੀ ਵਿਚ ਲੋਕਧਾਰਾ ਦੀ ਪ੍ਰਮਾਣਕ ਪਰਿਭਾਸ਼ਾ ਨਿਸ਼ਚਿਤ ਕਰਨ ਤੋਂ ਪਹਿਲੋਂ ਲੋਕਧਾਰਾਈ ਸਮੱਗਰੀ ਸਬੰਧੀ ਇਕ ਸੀਮਾ ਨਿਰਧਾਰਿਤ ਕਰਨੀ ਜ਼ਰੂਰੀ ਹੈ। ਇਹ ਸੀਮਾ ਹੀ ਇਸ ਵਿਸ਼ੇ ਦੇ ਖੇਤਰ ਸਬੰਧੀ ਪ੍ਰਮਾਣਿਕ ਵਾਕਫ਼ੀ ਦਾ ਆਧਾਰ ਬਣੇਗੀ। ਅਜਿਹਾ ਕਰਨ ਲਈ ਲੋਕ ਸਮੂਹ ਦੇ ਸਾਂਝੇ ਅਨੁਭਵ ਨੂੰ ਲੋਕਧਾਰਾ ਦਾ ਰੂਪ ਦੇਣ ਵਾਲੀਆਂ ਪ੍ਰਵਿਰਤੀਆਂ ਜਾਂ ਉਨ੍ਹਾਂ ਤੱਤਾਂ ਦਾ ਉਲੇਖ ਜ਼ਰੂਰੀ ਹੈ, ਜੋ ਇਸ ਨੂੰ ਦੂਜੇ ਵਿਸ਼ੇ ਤੋਂ ਨਿਖੇੜਦੇ ਹਨ। ਇਹ ਤੱਤ ਇਸ ਪ੍ਰਕਾਰ ਹਨ :

(i) ਪਰੰਪਰਾ

(ii) ਲੋਕ ਮਾਨਸ

(iii) ਲੋਕ ਸੰਸਕ੍ਰਿਤੀ ਤਥਾ ਪ੍ਰਾਚੀਨ ਸਭਿਆਚਾਰ ਦੇ ਅਵਸ਼ੇਸ਼

(iv) ਲੋਕ ਪ੍ਰਵਾਨਗੀ

**(i) ਪਰੰਪਰਾ**

ਪਰੰਪਰਾ ਦੇ ਸੰਕਲਪ (concept) ਨੂੰ ਉਨ੍ਹਾਂ ਸੰਸਕ੍ਰਿਤਕ ਤੱਥਾਂ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ ਜਿਹੜੇ ਪੀੜ੍ਹੀਓ-ਪੀੜ੍ਹੀ, ਅੱਗੇ ਆਉਂਦੇ ਹਨ।[19] ਇਤਿਹਾਸ ਗਵਾਹ ਹੈ ਕਿ ਕੋਈ ਵੀ ਸਮਾਜ ਆਪਣੀ ਪਰੰਪਰਾਗਤ ਸੰਸਕ੍ਰਿਤੀ ਨੂੰ ਭੁੱਲ ਕੇ ਭਵਿੱਖ ਲਈ ਪ੍ਰਗਤੀ ਦਾ ਕਦਮ ਨਹੀਂ ਚੁੱਕ ਸਕਿਆ। ਸਾਰੇ ਲੋਕਧਾਰਾ ਸ਼ਾਸ਼ਤਰੀ ਇਸ ਮਤ ਨਾਲ ਸਹਿਮਤੀ ਪ੍ਰਗਟ ਕਰਦੇ ਹਨ ਕਿ ਲੋਕ-ਸਮੂਹ ਦੇ ਗਿਆਨ ਵਿਚ ਪਰੰਪਰਾ ਦੇ ਅੰਸ਼ ਦੀ ਹੋਂਦ ਹੀ ਲੋਕਧਾਰਾ ਹੈ। ਫੋਕਲੋਰ ਸੋਸਾਇਟੀ ਲੰਦਨ,

ਦੁਆਰਾ ਲੋਕਧਾਰਾ ਦੀ ਪਰਿਭਾਸ਼ਾ ਹੀ ਇਹ ਨਿਸ਼ਚਿਤ ਕੀਤੀ ਗਈ ਹੈ ਕਿ ਲੋਕਧਾਰਾ ਪਰੰਪਰਾ ਦੀ ਸਾਇੰਸ ਹੈ, ਪਰੰਪਰਾ ਦੀ ਵਸਤੂ ਹੁੰਦਿਆਂ ਹੋਇਆ ਵੀ ਇਹ ਕਹਿਣਾ ਠੀਕ ਨਹੀਂ ਕਿ ਲੋਕਧਾਰਾ ਦਾ ਸੰਚਾਰ ਸਦਾ ਮੌਖਿਕ ਰੂਪ ਵਿਚ ਹੁੰਦਾ ਹੈ। ਪ੍ਰਧਾਨਤਾ ਇਸ ਵਿਚ ਭਾਵੇਂ ਮੌਖਿਕ ਤੱਤਾਂ, ਜਿਵੇਂ ਕਿ ਲੋਕ ਗੀਤ, ਕਹਾਣੀਆਂ, ਪਹੇਲੀਆਂ ਅਤੇ ਅਖੌਤਾਂ ਦੀ ਹੀ ਹੁੰਦੀ ਹੈ, ਫਿਰ ਵੀ ਇਨ੍ਹਾਂ ਤੋਂ ਛੁੱਟ ਟੂਣੇ, ਟੋਟਕੇ, ਲੋਕ-ਨ੍ਰਿਤ, ਲੋਕ ਨਾਟਕ, ਵਿਸ਼ਵਾਸ ਅਤੇ ਅਨੁਸ਼ਠਾਨ ਆਦਿ ਵੀ ਪਰੰਪਰਾ ਦਾ ਭਾਗ ਹਨ।

**(ii) ਲੋਕ ਮਾਨਸ**

ਲੋਕਧਾਰਾ ਦਾ ਦੂਜਾ ਵਿਸ਼ੇਸ਼ ਤੱਤ ਲੋਕ ਮਾਨਸ (folk mind) ਹੈ। ਲੋਕ ਮਾਨਸ ਦਾ ਕਿਸੇ ਵਰਗ ਜਾਂ ਜਾਤੀ ਵਿਸ਼ੇਸ਼ ਨਾਲ ਕੋਈ ਸਬੰਧ ਨਹੀਂ ਇਹ ਜੰਗਲਾਂ ਅਤੇ ਸ਼ਹਿਰਾਂ ਦੇ ਵਸਨੀਕਾਂ, ਸਿੱਖਿਅਤ, ਅਣਸਿੱਖਿਅਤ, ਸਭਯ, ਅਸਭਯ ਹਰ ਪ੍ਰਕਾਰ ਦੇ ਲੋਕਾਂ ਵਿਚ ਪੂਰੀ ਤਰ੍ਹਾਂ ਵਿਦਮਾਨ ਮਿਲ ਜਾਂਦਾ ਹੈ। ਇਸ ਸਬੰਧੀ ਫ਼੍ਰੈਂਟਸ ਬੁਐਜ਼ ਦੀ ਰਾਇ ਹੈ ਕਿ ਸਾਰੀਆਂ ਜਾਤੀਆਂ ਵਿਚ ਸਾਂਸਕ੍ਰਿਤਕ ਪ੍ਰਵਿਰਤੀਆਂ ਦਾ ਮਨੋਵਿਗਿਆਨਕ ਆਧਾਰ ਇਕੋ ਜਿਹਾ ਹੈ।[20] ਡਾ. ਹਜਾਰੀ ਪ੍ਰਸਾਦ ਦਿਵੇਦੀ ਲੋਕ ਮਾਨਸ ਦੇ ਪਰਿਆਇ ਵਜੋਂ ਲੋਕ-ਚਿਤ ਦਾ ਉਪਯੋਗ ਕਰਦਿਆਂ ਹੋਇਆ ਲਿਖਦਾ ਹੈ ਕਿ ''ਲੋਕ-ਚਿਤ ਤੋਂ ਭਾਵ ਉਸ ਜਨਤਾ ਦੇ ਚਿਤ ਤੋਂ ਹੈ ਜਿਹੜਾਂ ਪ੍ਰੰਪਰਾਗਤ ਬੌਧਿਕ ਵਿਵੇਚਨਾ-ਪਰਕ ਸ਼ਾਸ਼ਤਰਾਂ ਅਤੇ ਉਨ੍ਹਾਂ ਉਤੇ ਕੀਤੀਆਂ ਗਈਆਂ ਟੀਕਾ ਟਿੱਪਣੀਆਂ ਤੋਂ ਅਪਰਿਚਿਤ ਹੁੰਦਾ ਹੈ।[21] ਸੁਪਨੇ ਅਤੇ ਅਸਲੀਅਤ, ਸਰੀਰ ਤੇ ਛਾਇਆ, ਮੌਤ ਤੇ ਨੀਂਦ ਵਿਚ ਕੋਈ ਭੇਦ ਨਾ ਸਮਝਣਾ, ਭੂਤਾਂ, ਪ੍ਰੇਤਾਂ ਅਤੇ ਜਾਦੂ-ਟੂਣਿਆਂ ਵਿਚ ਵਿਸ਼ਵਾਸ, ਸੰਤਾਨ-ਪ੍ਰਾਪਤੀ ਲਈ ਦੇਵਤਿਆਂ ਦੀ ਪੂਜਾ ਅਤੇ ਸ਼ਰਧਾ ਆਦਿ ਮਾਨਸਿਕ ਤੱਥਾਂ ਦੇ ਅਨੇਕਾਂ ਅਜਿਹੇ ਪਰਿਣਾਮ ਹਨ ਜੋ ਲੋਕਧਾਰਾ ਨੂੰ ਜਨਮ ਦਿੰਦੇ ਹਨ। ਡ੍ਰੇਵਰ, ਪ੍ਰਾਚੀਨ ਮਨੁੱਖ ਦੇ ਅਜਿਹੇ ਵਿਸ਼ਵਾਸਾਂ, ਰਿਵਾਜਾਂ ਅਤੇ ਰੂੜ੍ਹੀਆਂ ਆਦਿ ਦੇ ਮਨੋਵਿਗਿਆਨਕ ਅਧਿਐਨ ਨੂੰ ਲੋਕ ਮਨੋਵਿਗਿਆਨ (folk psychology) ਦਾ ਨਾਂ ਦਿੰਦਾ ਹੈ।[22] ਮੈਰਿਟ ਵੀ ਲੋਕ ਸਮੂਹ ਦੇ ਮਨੋਵਿਗਿਆਨ ਨੂੰ ਭੀੜ ਦੇ ਮਨੋਵਿਗਿਆਨ (crowd psychology) ਨਾਲ ਤੁਲਨਾ ਦੇ ਕੇ ਨਿਰਣਾ ਕਰਦਾ ਹੈ ਕਿ ਲੋਕਧਾਰਾ ਵਿਚ ਸਭ ਨਾਲੋਂ ਵਧੇਰੇ ਤੱਥ ਲੋਕ ਮਾਨਸ ਦੀ ਹੈ। ਇਸ ਦ੍ਰਿਸ਼ਟੀ ਤੋਂ ਲੋਕ ਮਾਨਸ ਨੂੰ ਚਾਰ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ।[23]

- (ੳ) ਪਰਾ ਕਲਪਣਾ (fantasy thinking) ਯਥਾਰਥ ਤੇ ਕਲਪਨਾ ਵਿਚ ਭੇਦ ਨਾ ਕਰ ਸਕਣਾ।
- (ਅ) ਆਤਮਸ਼ੀਲ ਚਿੰਤਨ, (animistic thinking) ਜੜ੍ਹ-ਚੇਤਨ ਪ੍ਰਾਣੀ-ਅਪ੍ਰਾਣੀ ਨੂੰ ਆਤਮਾ ਨਾਲ ਯੁਕਤ ਕਰਨਾ।
- (ੲ) ਟੂਣਾ-ਚਿੰਤਨ (magical thinking) ਜਾਦੂ, ਟੂਣੇ, ਮੰਤਰ ਅਤੇ ਤਾਵੀਜ਼ ਆਦਿ ਇਹ ਵਿਸ਼ਵਾਸ ਰੱਖਣਾ।
- (ਸ) ਅਨੁਸ਼ਠਾਨ ਚਿੰਤਨ, (ritual thinking) ਵਿਸ਼ੇਸ਼ ਵਿਧੀ ਦੁਆਰਾ ਕੰਮ ਕਰਕੇ ਇਛਿਤ ਫਲ ਪ੍ਰਾਪਤ ਕਰਨਾ।

**(iii) ਲੋਕ-ਸੰਸਕ੍ਰਿਤੀ ਤਥਾ ਪ੍ਰਾਚੀਨ ਸਭਿਆਚਾਰਾਂ ਦੇ ਅਵਸ਼ੇਸ਼**

ਲੋਕਧਾਰਾ ਵਿਸ਼ਾ-ਵਸਤੂ ਅਤੇ ਸਰੂਪ ਵਿਚ ਪ੍ਰਾਚੀਨ ਸਭਿਆਚਾਰ ਦੇ ਅਵਸ਼ੇਸਾਂ ਦੀ ਉਪਸਥਿਤੀ ਨਾ ਮੰਨਣਾ ਅਸੰਭਵ ਹੈ। ਬੋਟਕਿਨ ਵੀ ਇਸ ਵਿਚਾਰ ਦੀ ਪੁਸ਼ਟੀ ਕਰਦਾ ਹੋਇਆ ਲਿਖਦਾ ਹੈ ਕਿ ਆਦਿਮ ਮਾਨਸ ਨਾਲ ਸੰਬੰਧਿਤ ਨਿਰੋਲ ਮੌਖਿਕ ਸਭਿਆਚਾਰ ਵਿਚ ਹਰ ਚੀਜ਼ ਲੋਕਧਾਰਾ ਹੈ।[25] ਇਹੀ ਮੌਖਿਕ ਸਭਿਆਚਾਰ ਲੋਕ ਸੰਸਕ੍ਰਿਤੀ ਹੈ। ਇਹ ਠੀਕ ਅਜਿਹਾ ਸੱਚ ਹੈ ਜਿਸ ਵਿਚ ਲੋਕ-ਸਮੂਹ ਦੇ ਵਿਚਾਰ ਢਲਦੇ ਹਨ। ਲੋਕ ਸੰਸਕ੍ਰਿਤੀ ਦੀ ਉਪਜ ਸਹਿਜ ਸੁਭਾਵਿਕ ਹੁੰਦੀ ਹੈ ਅਤੇ ਆਪਣੇ ਆਪ ਪੈਦਾ ਹੋਣ ਵਾਲਾ ਅਜਿਹਾ ਸਭਿਆਚਾਰ, ਲੋਕਧਾਰਾ ਦਾ ਅੰਗ ਹੈ।[26] ਭਾਰਤੀ ਲੋਕ ਜੀਵਨ ਦੀ ਆਪਣੀ ਇਕ ਵਿਸ਼ਾਲ ਤੇ ਵਿਸ਼ੇਸ਼ ਪਰੰਪਰਾ ਹੈ। ਇਥੋਂ ਦੀਆਂ ਪੁਰਾਣ ਕਥਾਵਾਂ, ਲੋਕ ਕਹਾਣੀਆਂ, ਤੀਰਥ-ਅਸਥਾਨਾਂ, ਵਰਤਾਂ, ਉਤਸਵਾਂ ਆਦਿ ਰਾਹੀਂ ਲੋਕ ਸੰਸਕ੍ਰਿਤੀ ਪੂਰੀ ਤਰ੍ਹਾਂ ਪ੍ਰਤਿਬਿੰਬਤ ਹੁੰਦੀ ਹੈ। ਪ੍ਰਾਚੀਨ ਸੰਸਕ੍ਰਿਤੀ ਦੇ ਅਵਸ਼ੇਸ਼ ਅੱਜ ਵੀ ਲੋਕਧਾਰਾ ਰਾਹੀਂ ਸੁਰੱਖਿਅਤ ਹਨ। ਕੋਈ ਵੀ ਸਾਹਿਤਕਾਰ ਆਪਣੀ ਪਰੰਪਰਾਗਤ ਸੰਸਕ੍ਰਿਤੀ ਤੋਂ ਟੁੱਟ ਕੇ ਮਹਾਨ ਸਾਹਿਤਕਾਰ ਨਹੀਂ ਬਣ ਸਕਦਾ।

**(iv) ਲੋਕ ਪ੍ਰਵਾਨਗੀ**

ਲੋਕਧਾਰਾ ਯਤਨਾਂ ਦੁਆਰਾ ਘੜੀ ਨਹੀਂ ਜਾਂਦੀ। ਇਸ ਦੀ ਉਪਜ ਆਪ ਮੁਹਾਰੀ ਤੇ ਸਹਿਜ ਸੁਭਾਅ ਹੁੰਦੀ ਹੈ। ਆਰੰਭ ਵਿਚ ਕੋਈ ਵੀ ਕਲਾਕ੍ਰਿਤੀ, ਲੋਕ ਗੀਤ ਜਾਂ ਲੋਕ ਕਥਾਂ ਕਿਸੇ ਵਿਅਕਤੀ ਦੀ ਰਚਨਾ ਹੁੰਦੀ ਹੈ, ਪਿਛੋਂ ਜਨ-ਸਮੂਹ ਉਸ ਵਿਚ ਅਦਲਾ ਬਦਲੀ ਕਰਦਾ ਰਹਿੰਦਾ ਹੈ ਅਤੇ ਉਸ ਨੂੰ ਪ੍ਰਵਾਨਗੀ ਦੇ ਕੇ ਅੱਗੇ ਤੋਰਦਾ ਹੈ। ਇਹ ਜ਼ਰੂਰੀ ਨਹੀਂ ਕਿ ਲੋਕਧਾਰਾ ਦਾ ਹਰ ਅੰਗ ਸ਼ੁਰੂ ਵਿਚ ਕਿਸੇ ਵਿਅਕਤੀ ਦੁਆਰਾ ਹੀ ਹੋਂਦ ਵਿਚ ਆਇਆ ਹੋਵੇ। ਅੱਜ ਵੀ ਕਈ ਲੋਕ ਗੀਤ, ਸਮੂਹ ਦੁਆਰਾ ਘੜੇ ਜਾਂਦੇ ਹਨ। ਲੋਕਧਾਰਾ ਦੀ ਸਮੱਗਰੀ ਵਿਚ ਬਹੁਤ ਕੁਝ ਸਮੂਹ ਦੁਆਰਾ ਹੀ ਹੋਂਦ ਵਿਚ ਆਉਂਦਾ ਹੈ। ਜੋ ਇਹ ਧਾਰਨਾ ਸਵੀਕਾਰ ਕਰ ਵੀ ਲਈ ਜਾਏ ਕਿ ਲੋਕ-ਸਮੂਹ ਦਾ ਇਕ ਵਿਅਕਤੀ ਇਸ ਯੋਗ ਨਹੀਂ ਹੋ ਸਕਦਾ ਕਿ ਉਹ ਕਿਸੇ ਰਚਨਾ ਦੀ ਉਪਜ ਕਰ ਸਕੇ ਅਤੇ ਲੋਕਧਾਰਾ ਦਾ ਹਰ ਭਾਗ ਕਿਸੇ ਵਿਅਕਤੀ ਵਿਸ਼ੇਸ਼ ਰਾਹੀਂ ਹੋਂਦ ਵਿਚ ਆਉਂਦਾ ਹੈ, ਤਾਂ ਵੀ ਜਦ ਤੱਕ ਲੋਕ-ਸਮੂਹ ਉਸ ਨੂੰ ਪ੍ਰਵਾਨਗੀ ਨਹੀਂ ਦਿੰਦਾ ਉਹ ਸਮੱਗਰੀ ਲੋਕਧਾਰਾ ਦੇ ਖੇਤਰ ਦੀ ਵਸਤੂ ਨਹੀਂ ਬਣ ਸਕੇਗੀ। ਮਨੋਰੰਜਨ ਦੀ ਪ੍ਰਕਿਰਿਆ ਅਤੇ ਲਗਾਤਾਰ ਦੁਹਰਾਉ ਰਾਹੀਂ ਹਰ ਰਚਨਾ ਸਮੂਹ ਦੀ ਉਪਜ ਹੋ ਨਿਬੜਦੀ ਹੈ। ਕੋਈ ਰਚਨਾ ਜੋ ਕਿਸੇ ਇਕ ਵਿਅਕਤੀ ਤਥਾ ਕਿਸੇ 'ਗਰੁਪ, ਮੰਡਲੀ ਜਾਂ ਸਮੂਹ ਦੀ ਹੈ, ਜਦੋਂ ਤਕ ਲੋਕ-ਸਮੂਹ ਨੂੰ ਪ੍ਰਵਾਨਗੀ ਦੇ ਕੇ ਅੱਗੇ ਨਹੀਂ ਤੋਰਦਾ, ਉਹ ਪੀੜ੍ਹੀਓ ਪੀੜ੍ਹੀ ਅੱਗੇ ਜਾਣ ਵਾਲੀ ਚੀਜ਼ ਨਹੀਂ ਬਣੇਗੀ, ਨਾ ਹੀ ਉਸ ਵਿਚ ਪਰੰਪਰਾ ਦੇ ਅੰਸ਼ ਸ਼ਾਮਲ ਹੋ ਸਕਣਗੇ। ਇਹ ਤੱਥ ਕਿ ਲੋਕਧਾਰਾ ਦੇ ਬਹੁਤੇ <u>ਤੱਤ</u> ਇਕ ਮਨੁੱਖ ਤੋਂ ਦੂਜੇ ਤੱਕ, ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਅਤੇ ਇਕ ਸਦੀ ਤੋਂ ਦੂਜੀ ਸਦੀ ਤੱਕ ਮੂੰਹੋ ਮੂੰਹੀ ਅਲਿਖਤ ਰੂਪ ਵਿਚ ਚਲਦੇ ਆਏ ਹਨ, ਪੱਕਾ ਹੋ ਚੁੱਕਾ ਹੈ।

ਲੋਕਧਾਰਾ ਵਿਚ ਸ਼ਾਮਿਲ ਉਪਰ-ਕਥਿਤ ਤੱਤਾਂ ਨੂੰ ਮੁੱਖ ਰੱਖ ਕੇ ਲੋਕਧਾਰਾ ਦੀ ਪਰਿਭਾਸ਼ਾ ਇਸ ਪ੍ਰਕਾਰ ਨਿਸ਼ਚਿਤ ਕੀਤੀ ਜਾ ਸਕਦੀ ਹੈ :

> ਪਰੰਪਰਾਗਤ ਰੂਪ ਵਿਚ ਪ੍ਰਾਪਤ, ਲੋਕ ਸੰਸਕ੍ਰਿਤੀ ਦੇ ਅੰਸ਼ਾਂ ਅਤੇ ਪ੍ਰਾਚੀਨ ਸਭਿਆਚਾਰਾਂ ਦੇ ਅਵਸ਼ੇਸ਼ਾਂ ਨਾਲ ਭਰਪੂਰ ਲੋਕ-ਸਮੂਹ ਦਾ ਉਹ ਗਿਆਨ ਜਿਸ ਵਿਚ ਲੋਕ ਮਾਨਸ ਦੀ ਅਭਿਵਕਤੀ ਹੋਵੇ ਅਤੇ ਜਿਸਨੂੰ ਲੋਕ-ਸਮੂਹ ਪ੍ਰਵਾਨਗੀ ਦੇ ਕੇ ਪੀੜ੍ਹੀਓ-ਪੀੜ੍ਹੀ ਅੱਗੇ ਤੋਰੇ, ਲੋਕਧਾਰਾ ਹੈ। ਇਸ ਵਿਚ ਕਲਾ, ਸਾਹਿਤ, ਭਾਸ਼ਾ, ਅਨੁਸ਼ਠਾਨ, ਵਿਸ਼ਵਾਸ ਕਿੱਤੇ, ਮਨੋਰੰਜਨ ਆਦਿ ਲੋਕ ਜੀਵਨ ਦੇ ਕਿਸੇ ਵੀ ਖੇਤਰ ਨਾਲ ਸੰਬੰਧਿਤ ਸਮੱਗਰੀ ਸ਼ਾਮਿਲ ਹੋ ਸਕਦੀ ਹੈ।

ਪੱਛਮੀ ਵਿਦਵਾਨਾਂ ਨੇ ਲੋਕਧਾਰਾ ਦੀ ਪਰਿਭਾਸ਼ਾ ਅਤੇ ਕਾਰਜ ਖੇਤਰ ਬਾਰੇ ਇਕ-ਮਤ ਨਾ ਹੁੰਦਿਆ ਹੋਇਆ ਵੀ ਲੋਕਧਾਰਾ ਦੇ ਵਿਵਹਾਰਕ ਅਤੇ ਸਿਧਾਂਤਕ ਪੱਖ ਦਾ ਨਿਖੇੜਾ ਜ਼ਰੂਰ ਕੀਤਾ ਹੈ। ਲੋਕਧਾਰਾ ਦੀ ਸਮੱਗਰੀ ਹੀ ਇਸ ਦਾ ਵਿਵਹਾਰਕ ਪਹਿਲੂ ਹੈ। ਸਿਧਾਂਤਕ ਪੱਖ ਨੂੰ ਲੋਕਧਾਰਾ ਸ਼ਾਸਤਰ ਦਾ ਨਾਂ ਦਿੱਤਾ ਜਾ ਸਕਦਾ ਹੈ। ਲੋਕਧਾਰਾ ਸ਼ਾਸਤਰ ਲੋਕਧਾਰਾਈ ਸਮੱਗਰੀ ਨੂੰ ਇਕੱਤਰ ਕਰਕੇ ਉਸਦੀ ਸੰਭਾਲ ਕਰਦਾ ਹੈ ਅਤੇ ਫਿਰ ਵਿਗਿਆਨ ਵਿਸ਼ਲੇਸ਼ਣ ਦੁਆਰਾ ਇਸਦਾ ਵਰਗੀਕਰਨ ਕਰਦਾ ਹੈ, ਤਾਂ ਜੋ ਚਲੇ ਆ ਰਹੇ ਲੋਕ ਜੀਵਨ ਅਤੇ ਸਭਿਆਚਾਰ ਦੀ ਸੋਝੀ ਪ੍ਰਾਪਤ ਕੀਤੀ ਜਾ ਸਕੇ। ਲੋਕ-ਜੀਵਨ ਦਾ ਗਿਆਨ ਲੋਕਧਾਰਾ ਦੀ ਸਮੱਗਰੀ ਹੈ ਅਤੇ ਇਸ ਲੋਕਧਾਰਾ ਦੀ ਸਮੱਗਰੀ ਵਿਚ ਪਰੰਪਰਾ ਦੇ ਅੰਸ਼ ਹੋਣ, ਲੋਕਮਾਨਸ ਦੀ ਅਭਿਵਿਅਕਤੀ ਹੋਵੇ, ਲੋਕ-ਸੰਸਕ੍ਰਿਤੀ ਦੇ ਅਵਸ਼ੇਸ਼ ਹੋਣ ਅਤੇ ਜਿਸ ਨੂੰ ਲੋਕ-ਸਮੂਹ ਨੇ ਪ੍ਰਵਾਨਗੀ ਦੇ ਕੇ ਸਾਡੇ ਤੱਕ ਪਹੁੰਚਾਇਆ ਹੋਵੇ। ਲੋਕ ਸਾਹਿਤ (ਲੋਕ, ਗੀਤ, ਲੋਕ ਕਹਾਣੀਆਂ ਤੇ ਲੋਕ ਸਾਹਿਤ ਦੇ ਵਿਭਿੰਨ ਰੂਪ), ਲੋਕ ਕਲਾ (ਲੋਕ ਸੰਗੀਤ, ਲੋਕ ਨਾਟ, ਲੋਕ ਨ੍ਰਿਤ, ਮੂਰਤੀ ਕਲਾ ਆਦਿ), ਅਨੁਸ਼ਠਾਨ (ਰੀਤੀ, ਰਿਵਾਜ, ਮੇਲੇ ਅਤੇ ਤਿਉਹਾਰ, ਵਰਤ ਅਤੇ ਪੂਜਾ ਵਿਧੀਆਂ, ਲੋਕ ਧਰਮ) ਲੋਕ ਵਿਸ਼ਵਾਸ (ਜਾਦੂ ਟੂਣੇ, ਜੰਤਰ, ਤਾਵੀਜ਼, ਸ਼ਗਨ, ਅਪਸ਼ਗਨ) ਲੋਕ ਸ਼ਬਦ ਨਿਰਮਾਣ ਅਤੇ ਲੋਕ ਬੋਲੀ, ਲੋਕ ਧੰਦੇ ਜਾਂ ਕਿੱਤੇ ਆਦਿ ਤੱਕ ਲੋਕਧਾਰਾ ਦਾ ਖੇਤਰ ਫੈਲਿਆ ਹੋਇਆ ਹੈ। ਇਸ ਸਬੰਧ ਵਿਚ ਵਿਸਥਾਰ ਪੂਰਵਕ ਚਰਚਾ ਭਾਵੇਂ ਅੱਗੇ ਪਾਠ ਵਿਚ ਕੀਤੀ ਜਾਵੇਗੀ। ਪਰ ਏਥੇ ਏਨਾ ਕਹਿ ਦੇਣਾ ਹੀ ਉਚਿਤ ਹੈ ਕਿ ਇਸ ਦਾ ਖੇਤਰ ਬਹੁਤ ਵਿਸ਼ਾਲ ਤੇ ਵਿਸਤ੍ਰਿਤ ਹੈ ਅਤੇ ਇਸਦੀ ਸਮੱਗਰੀ ਵਿਚ ਵਿਵਿਧਤਾ ਹੋਵੇ, ਲੋਕ-ਸੰਸਕ੍ਰਿਤੀ ਦੇ ਅਵਸ਼ੇਸ਼ ਹੋਣ ਅਤੇ ਇਸ ਨੂੰ ਲੋਕ-ਸਮੂਹ ਪ੍ਰਵਾਨਗੀ ਦੇ ਕੇ ਸਾਡੇ ਤੱਕ ਪਹੁੰਚਾਏ।

**(ਅ) ਲੋਕਧਾਰਾ-ਸਾਸ਼ਤਰ**

ਪੱਛਮੀ ਵਿਦਵਾਨਾਂ ਵਿਚ ਲੋਕਧਾਰਾ ਦੀ ਪਰਿਭਾਸ਼ਾ ਅਤੇ ਕਾਰਜ-ਖੇਤਰ (scope) ਬਾਰੇ ਇਕ ਮੱਤ ਨਾ ਹੁੰਦਿਆਂ

ਹੋਇਆ ਵੀ ਉਨ੍ਹਾਂ ਨੇ ਲੋਕਧਾਰਾ ਵਿਵਹਾਰਕ (practical) ਅਤੇ ਸਿਧਾਂਤਕ (theoretical) ਪੱਖਾ ਦਾ ਨਿਖੇੜਾ ਜ਼ਰੂਰ ਕੀਤਾ ਹੈ। ਲੋਕਧਾਰਾ ਦੀ ਸਮੱਗਰੀ ਹੀ ਇਸ ਦਾ ਵਿਵਹਾਰਕ ਪਹਿਲੂ ਹੈ। ਸਿਧਾਂਤਕ ਪੱਖ ਨੂੰ ਲੋਕਧਾਰਾ-ਸ਼ਾਸਤਰ ਦਾ ਨਾ ਦਿੱਤਾ ਜਾ ਸਕਦਾ ਹੈ। ਲੋਕਧਾਰਾ ਸ਼ਾਸਤਰ ਦੇ ਪ੍ਰਮੁੱਖ ਰੂਪ ਵਿਚ ਦੋ ਪ੍ਰਯੋਜਨ ਹਨ :

1. ਸਿੱਧਾਂਤਕ ਸੂਝ ਨਾਲ ਲੋਕਧਾਰਾਈ ਸਮੱਗਰੀ ਨੂੰ ਇਕੱਤ੍ਰਿਤ ਕਰਨਾ ਤੇ ਸੰਭਾਲਣਾ।
2. ਵਿਗਿਆਨਕ ਨੀਂਝ ਤੇ ਤਰਕਸ਼ੀਲ ਦ੍ਰਿਸ਼ਟੀ ਨਾਲ ਉਸ ਦਾ ਵਿਸ਼ਲੇਸ਼ਣ ਤੇ ਮੁਲਾਂਕਣ ਕਰਨਾ।

ਸਮੱਗਰੀ ਦੇ ਇਕੱਤ੍ਰੀਕਰਣ ਅਤੇ ਸੰਭਾਲ ਨਾਲ ਨਿਸ਼ਚੇ ਹੀ ਸਾਨੂੰ ਆਪਣੇ ਅਤੀਤ ਬਾਰੇ ਸੋਝੀ ਪ੍ਰਾਪਤ ਹੁੰਦੀ ਹੈ। ਉਸ ਸੋਝੀ ਦੇ ਸਹਾਰੇ ਅਸੀਂ ਵਰਤਮਾਨ ਨੂੰ ਸਮਝਣ ਦੇ ਸਮਰੱਥ ਹੁੰਦੇ ਹਾਂ ਅਤੇ ਇਸ ਸਮਰੱਥਾ ਨਾਲ ਹੀ ਆਪਣੇ ਭਵਿੱਖ ਨੂੰ ਸੰਵਾਰ ਸਕਦੇ ਹਾਂ। ਲੋਕਧਾਰਾਈ ਸਮੱਗਰੀ ਜਿਸ ਦਾ ਇਕੱਤ੍ਰੀਕਰਣ ਲੋਕਧਾਰਾ ਸ਼ਾਸਤਰੀ ਕਰਦੇ ਹਨ, ਇਹ ਕੋਈ ਸੁੱਟਣ ਵਾਲੀ, ਪਾਉਣ ਵਾਲੀ ਵਸਤੂ ਨਹੀਂ ਸਗੋਂ ਇਸ ਵਿਚ ਲੋਕ ਮਾਨਸਿਕਤਾ ਦਾ ਲੰਮੇ ਸਮੇਂ ਤੱਕ ਦਾ ਇਤਿਹਾਸ ਸਾਂਭਿਆ ਹੁੰਦਾ ਹੈ। ਵਿਗਿਆਨਕ ਨੀਂਝ ਤੇ ਤਰਕਸ਼ੀਲ ਦ੍ਰਿਸ਼ਟੀ ਨਾਲ ਫਿਰ ਲੋਕਧਾਰਾ ਸ਼ਾਸਤਰੀ ਇਸ ਦਾ ਵਰਗੀਕਰਣ ਤੇ ਵਿਸ਼ਲੇਸ਼ਣ ਕਰਦਾ ਹੈ। ਇਸ ਵਰਗੀਕਰਣ ਤੇ ਵਿਸ਼ਲੇਸ਼ਨ ਵਿਚੋਂ ਸਦੀਆਂ ਤੋਂ ਚਲੇ ਆ ਰਹੇ ਲੋਕ ਜੀਵਨ ਅਤੇ ਸਭਿਆਚਾਰ ਦੀ ਸੋਝੀ ਪ੍ਰਾਪਤ ਹੋ ਜਾਂਦੀ ਹੈ। ਲੋਕਧਾਰਾ ਦੀ ਸਮੱਗਰੀ ਦੇ ਵਿਗਿਆਨਕ ਅਧਿਐਨ ਅਤੇ ਸਿਧਾਂਤਕ ਪੱਖ ਤੋਂ ਇਸ ਵਿਆਖਿਆ ਲਈ ਹੇਠ ਦਿੱਤੀਆਂ ਸੰਪਰਦਾਵਾਂ ਮੱਦਦਗਾਰ ਸ਼ਕਤੀ ਦੀ ਭੂਮਿਕਾ ਨਿਭਾਉਂਦੀਆਂ ਹਨ :

I. ਸਾਹਿਤਕ ਸੰਪਰਦਾਇ (The Literary School)
II. ਪੌਰਾਣਿਕ ਸੰਪਰਦਾਇ (The Mythological School)
III. ਮਾਨਵ-ਵਿਗਿਆਨ ਸੰਪਰਦਾਇ (The Anthropological School)
IV. ਅਨੁਸ਼ਠਾਨਿਕ ਸੰਪਰਦਾਇ (The Ritualistic School)
V. ਇਤਿਹਾਸਕ ਭੂਗੋਲਿਕ ਸੰਪਰਦਾਇ (The Histro-geogarphic School)
VI. ਮਨੋਵਿਸ਼ਲੇਸ਼ਣ ਸੰਪਰਦਾਇ (The Physcio-analytic School)
VII. ਕਾਰਜਾਤਮਕ ਸੰਪਰਦਾਇ (The Functional School)

ਲੋਕਧਾਰਾਈ ਸਮੱਗਰੀ ਦੇ ਅਧਿਐਨ ਨਾਲ ਸਬੰਧਿਤ ਇਨ੍ਹਾਂ ਵਿਭਿੰਨ ਸੰਪਰਦਾਵਾਂ ਦਾ ਪ੍ਰਯੋਜਨ ਇਕੋ ਇਕ ਹੈ ਅਤੇ ਉਹ ਹੈ ਇਸ ਦਾ ਵਿਸ਼ਲੇਸ਼ਣ ਕਰਨਾ, ਦੂਸਰੇ ਵਿਸ਼ਿਆਂ ਵਿਚ ਇਸ ਦੇ ਮਹੱਤਵ ਦੀ ਪਛਾਣ ਕਰਨੀ ਅਤੇ ਸਭ ਤੋਂ ਵਧ ਇਸ ਦੀ ਵਰਤਮਾਨ ਸਾਰਥਕਤਾ ਨੂੰ ਗੌਲਣਾ। ਸਾਹਿਤਕ ਸੰਪਰਦਾਇ ਆਪਣੇ ਧਿਆਨ ਦਾ ਕੇਂਦਰ ਵਧੇਰੇ ਕਰਕੇ ਲੋਕ ਸਾਹਿਤ ਨੂੰ ਬਣਾਉਂਦੀ ਹੈ। ਇਸ ਰਾਹੀਂ ਇਹ ਮੱਧਕਾਲੀ ਸਾਹਿਤ ਤੇ ਆਧੁਨਿਕ ਸਾਹਿਤ ਦੇ ਵਿਕਾਸ ਦੀ ਨਿਰੰਤਰਤਾ ਨੂੰ ਪਛਾਨਣ ਦਾ ਉੱਦਮ ਕਰਦੀ ਹੈ। ਇਹ ਸੰਪਰਦਾਇ ਉਨ੍ਹਾਂ ਬੁਨਿਆਦੀ ਮੋਟਿਫਾਂ ਜਾਂ ਰੂੜੀਆਂ ਅਤੇ ਸੱਖਣੇ ਰੂਪਾਂ ਦੀ ਭਾਲ ਕਰਦੀ ਹੈ ਜਿਹੜੀਆਂ ਮੱਧਕਾਲੀ ਤੇ ਆਧੁਨਿਕ ਸਾਹਿਤ ਵਿੱਚ ਇਕ ਚੂਲ ਜਾਂ ਕੇਂਦਰੀ ਧੁਰੇ ਦਾ ਕੰਮ ਦਿੰਦੀਆਂ ਹਨ। ਇਸ ਸਮੱਗਰੀ ਦੀ ਖੋਜ ਤੇ ਛਾਣ-ਬੀਣ ਨਾਲ ਸਾਹਿਤ ਧਾਰਾ ਦੀ ਨਿਰੰਤਰਤਾ ਨੂੰ ਪਛਾਣਿਆ ਜਾ ਸਕਦਾ ਹੈ। ਸਾਹਿਤ ਇਤਿਹਾਸਕਾਰੀ ਸਮੇਂ ਇਹ ਸੰਪਰਦਾਇ ਚੋਖੀ ਮਦਦਗਾਰ ਹੁੰਦੀ ਹੈ। ਇਹ ਸੰਪਰਦਾਇ, ਕਾਹਲ ਵਸ ਲੋਕ ਸਾਹਿਤ ਨੂੰ ਨਿਮਨ ਸਾਹਿਤ ਕਹਿ ਕੇ ਤਿਆਗਦੀ ਨਹੀਂ ਬਲਕਿ ਇਸ ਦੇ ਬਹੁਪੱਖੀ ਮਹੱਤਵ ਨੂੰ ਪਛਾਨਣ ਦਾ ਉੱਦਮ ਕਰਦੀ ਹੈ। ਜਿਥੇ ਪੌਰਾਣਿਕ ਸੰਪਰਦਾਇ ਪੌਰਾਣਾਂ ਮਿੱਥਾਂ ਦੀ ਲੋਕਯਾਨਿਕ ਸਮੱਗਰੀ ਵਿਚ ਕਾਰਜਸ਼ੀਲਤਾ ਨੂੰ ਸਮਝਣ ਦਾ ਉੱਦਮ ਕਰਦੀ ਹੈ। ਉਥੇ ਮਾਨਵ ਵਿਗਿਆਨੀ ਸੰਪਰਦਾਇ ਮਾਨਵ ਦੇ ਇਤਿਹਾਸ ਨੂੰ ਇਸ ਸਮੱਗਰੀ ਦੇ ਸਹਾਰੇ ਉਸਾਰਨ ਤੇ ਸਿਰਜਣ ਦਾ ਉਪਰਾਲਾ ਕਰਦੀ ਹੈ। ਅਨੁਸ਼ਠਾਨਿਕ ਸੰਪਰਦਾਇ ਅਨੁਸ਼ਠਾਨਾਂ ਦੇ ਉਦਭਵ, ਉਸ ਦੇ ਕਾਰਨਾ, ਆਪਣੇ ਸਿਰਜਣ ਸਮੇਂ ਵਿਚ ਮਹੱਤਵ ਅਤੇ ਵਰਤਮਾਨ ਸਾਰਥਕਤਾ ਦੀ ਪਛਾਣ ਲਈ ਤਾਂ ਨੀਂਝ ਪ੍ਰਦਾਨ ਕਰਦੀ ਹੀ ਹੈ, ਨਾਲ ਹੀ ਅਜੋਕੇ ਮਨੁੱਖ ਦੀ ਸੋਚ ਨੂੰ ਅਤਾਰਕਿਕਤਾ ਵੱਲੋਂ ਹਟਾ ਕੇ ਗਿਆਨ ਤੇ ਤਰਕ ਦੇ ਰਸਤੇ ਉੱਪਰ ਤੋਰਨ ਦੀ ਚੋਖੀ ਮਦਦ ਕੀਤੀ ਹੈ। ਇਤਿਹਾਸਕ ਭੂਗੋਲਿਕ ਸੰਪਰਦਾਇ ਸਮੱਗਰੀ ਨੂੰ ਇਤਿਹਾਸ ਤੇ ਭੂਗੋਲ ਦੇ ਪ੍ਰਸੰਗ ਵਿਚ ਸਮਝਦੀ ਹੈ। ਮਨੋਵਿਸ਼ਲੇਸ਼ਣਾਤਮਕ ਸੰਪਰਦਾਇ ਅਜੋਕੇ ਮਾਨਵ ਦੀ ਮਾਨਸਿਕਤਾ ਤੇ ਇਤਿਹਾਸ ਨੂੰ ਜਾਨਣ ਤੇ ਸਮਝਣ ਦਾ ਉੱਦਮ ਕਰ ਰਹੀ ਹੈ। ਕਾਰਜਾਤਮਕ ਸੰਪਰਦਾਇ ਦਾ ਸਾਰਾ ਬਲ ਗ੍ਰਹਿਣਯੋਗ ਤੇ ਤਿਆਗਣਯੋਗ ਸਮੱਗਰੀ ਦੀ ਨਿਰਖ-ਪਰਖ ਕਰਨਾ ਹੈ। ਵਰਤਮਾਨ ਸਾਰਥਕਤਾ ਇਸਦੇ ਧਿਆਨ ਦਾ ਕੇਂਦਰ ਬਿੰਦੂ ਹੈ।

ਉਪਰੋਕਤ ਚਰਚਾ ਤੋਂ ਇਕ ਗੱਲ ਤਾਂ ਸਪੱਸ਼ਟ ਹੈ ਕਿ ਲੋਕਧਾਰਾ ਸ਼ਾਸਤਰ ਲੋਕਧਾਰਾਈ ਸਮੱਗਰੀ ਦੇ ਇਕੱਤ੍ਰੀਕਰਨ ਤੇ ਸੰਭਾਲ ਤੋਂ ਆਰੰਭ ਹੋ ਕੇ ਉਸ ਦੇ ਵਿਗਿਆਨਕ ਤੇ ਤਰਕਸ਼ੀਲ ਅਧਿਐਨ ਤੱਕ ਫੈਲਦਾ ਹੈ। ਲੋਕਧਾਰਾ ਸ਼ਾਸਤਰ ਨੇ ਲੋਕਯਾਨਿਕ ਸਮੱਗਰੀ ਨੂੰ ਐਵੇਂ ਅਣਗੌਲਿਆ ਕਰਨ ਜਾਂ ਉੱਹਦੇ ਸੰਬੰਧੀ ਚਲੰਤ ਤੇ ਨਿੰਦਣਯੋਗ ਟਿੱਪਣੀਆਂ ਦੀ ਵਰਤੋਂ ਤੇ ਗੁਰੇਜ਼ ਕਰਨਾ ਸਿਖਾਇਆ ਹੈ। ਇਸੇ ਰਾਹੀਂ ਪਤਾ ਲੱਗਾ ਹੈ ਕਿ ਇਹ ਸਾਡੀ ਐਸੀ ਪਰੰਪਰਾ ਤੇ ਪਿਛੋਕੜ ਹੈ, ਜਿਸ ਵਿਚ ਸਾਡੀ ਸੋਚ, ਕਾਰਜਾਂ ਤੇ ਇਤਿਹਾਸ ਦੀਆਂ ਜੜ੍ਹਾਂ ਛੁਪੀਆਂ ਹੋਈਆਂ ਹਨ। ਇਹ ਸਾਡਾ ਮੂਲ ਹੈ ਜਿਸ ਦੀ ਪਛਾਣ, ਲੋਕਧਾਰਾ ਸ਼ਾਸਤਰ ਨੇ ਕਰਵਾਈ ਹੈ। ਲੋਕਧਾਰਾ ਸ਼ਾਸਤਰ ਆਪਣੇ ਆਪ ਵਿਚ ਬਹੁਤ ਸਾਰੀਆਂ ਵਿਧੀਆਂ, ਜੁਗਤਾਂ ਅਤੇ ਮਾਡਲਾਂ ਦਾ ਸਮੂਹ ਹੈ ਜੋ ਇਸ ਗੱਲ ਦਾ ਪੈਗਾਮ ਦਿੰਦਾ ਹੈ ਕਿ ਸਮੱਗਰੀ ਦੇ ਬਰਾਬਰ ਦਾ ਹੈ। ਜਿਵੇਂ ਨਿਰੀ ਸਮੱਗਰੀ ਆਪਣੇ ਆਪ ਵਿਚ ਮਹੱਤਵ ਨਹੀਂ ਰੱਖਦੀ, ਇੰਜ ਹੀ ਨਿਰੀਆਂ ਵਿਧੀਆਂ, ਮਾਡਲ ਤੇ ਸੰਪਰਦਾਵਾਂ ਆਪਣੇ ਆਪ ਵਿਚ ਕੋਈ ਬਹੁਤਾ ਮਹੱਤਵ ਨਹੀਂ ਰੱਖਦੀਆਂ। ਮਹੱਤਵ ਤਾਂ ਹੀ ਬਣਦਾ ਹੈ ਜਦੋਂ ਸਮੱਗਰੀ ਤੇ ਸੰਪਰਦਾਵਾਂ ਵਿਚਾਲੇ ਅੰਤਰਕ੍ਰਿਆ/ਆਰੰਭ ਹੁੰਦੀ ਹੈ ਤਾਂ ਦੰਦ੍ਵਾਤਮਕ ਰਿਸ਼ਤਾ ਸਥਾਪਤ ਹੁੰਦਾ ਹੈ। ਇਸ ਲਈ ਸਮੱਗਰੀ ਤੇ ਸ਼ਾਸਤਰ ਆਪਸ ਵਿਚ ਅਨਿਖੱੜਵੇਂ ਰਿਸ਼ਤੇ ਦੇ ਧਾਰਨੀ ਹਨ।


1. Encyclopaedia Britanica, Vol. IX, p. 466.
2. ਹਿੰਦੀ ਭਕਤੀ ਸਾਹਿਤਯ ਮੇਂ ਲੋਕ ਤੱਤਵ, ਭਾਰਤੀਯ ਸਾਹਿਤਯ ਮੰਦਿਰ, ਦਿਲੀ, 1965
3. ਸ਼ਯਾਮ ਪਰਮਾਰ, ਭਾਰਤੀਯ ਲੋਕ-ਸਾਹਿਤਯ, ਰਾਜ ਕਮਲ ਪ੍ਰਕਾਸ਼ਨ ਲਿਮਟਿਡ, ਬੰਬਈ, 1954: ਪੰਨਾ 12।
4. ਲੋਕ ਸਾਹਿਤਯ ਵਿਗਿਆਨ, ਸ਼ਿਵ ਲਾਲ ਅਗਰਵਾਲ ਐਂਡ ਕੰਪਨੀ, ਆਗਰਾ, 1962, ਪੰਨਾ 3
5. Francis Lee Utley, "*Flok Literature : An Operational Definition*". The Study of folklore, Prentice Hall, Engelwood Fliffs, 1965, p. 13.
6. 'ਕੁਝ ਲੋਕ ਸਾਹਿਤ ਬਾਰੇ' ਪੰਜਾਬੀ ਦੁਨੀਆਂ, ਭਾਸ਼ਾ ਵਿਭਾਗ, ਪਟਿਆਲਾ, ਜੂਨ 1957, ਪੰਨਾ 47।
7. 'ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ' ਲੋਕ ਸਾਹਿਤਯ ਕੀ ਭੂਮਿਕਾ, ਹਿੰਦੀ ਜਨਪਦ, ਪਰਿਸ਼ਦ ਕਾਸ਼ੀ, ਜਨਪਦ ਖੰਡ 1, ਅੰਕ ਪੰਨਾ 67.
8. 'ਲੋਕਧਾਰਾ ਔਰ ਲੋਕ ਸਾਹਿਤਯ' ਸੰਮੇਲਨ ਪਤ੍ਰਿਕਾ, (ਲੇ. ਸੇ. ਵਿ. ਅੰਕ) ਪ੍ਰਯਾਗ, ਪੰਨਾ 437.
9. ਵਾਸੁਦੇਵ ਸ਼ਰਨ 'ਲੋਕ ਕਾ ਪ੍ਰਤੱਕਯਯ ਦਰਸ਼ਨ' ਸੰਮੇਲਨ ਪਤ੍ਰਿਕਾ, ਪੰਨਾ 65.
10. Encyclopaedia of Social Socience, Vol. IX, p. 288.
11. An Introduction of Mythology, Harrap, London, 1912, p. 11
12. Standard Dictionary of Folklore Mythology & Legend, Funk & Wagnalls Co. New York, Vol. I & II. 1940-50.
13. Francis Lee Utly, "Folk Literature : An Operational Definition", The study of Folklore, p. 11.
14. Folklore (London), Vol. LVII p. 98.
15. Standard Dictionary of Folklore, p. 402.
16. Marcel Roiux, "Folk and Folklore" : JAF, American Folklore society, Vol. LXII, p. 192.
17. Archer Taylor, "*Folklore and the student of Literature"* The study of Folklore, p. 34.
18. Std. Dic of Folklore, p. 398.
19. Trilochan Panda "*The Concept of Folklore",* Folklore (Cal.) Jan. 1965, p. 11.
20. *The mind of Primitive man,* Mac Millan & Co., New York, 1968, p. 33.

21. ਵਿਚਾਰ ਔਰ ਵਿਰਤਿਕ, ਕਿਤਾਬ ਮਹੱਲ ਇਲਾਹਾਬਾਦ, 1954, ਪੰਨਾ 206.
22. A Dictionary of Psychology, Penguin, London, 1964.
23. ਸਤੇਂਦ੍ਰ, ਲੋਕ ਤਾਤ੍ਵਿਕ ਅਧਿਐਨ, ਪੰਨੇ 28-29.
24. Y.M. Sokolov, Russian Folklore, Mac Millian & Co., New York, 1950, p. 17.
25. Std. Dic of Folklore, P. 398.
26. R.R. Marett, Pshcology and Folklore, Gale Resarch, Company, Michigan, 1920, p. 76.

ਪਾਠ ਨੰ. 1.2　　　　　　　　　　　　　　　　ਲੇਖਕ : ਡਾ. ਕਰਨੈਲ ਸਿੰਘ ਥਿੰਦ

# ਲੋਕਧਾਰਾ ਦੇ ਪ੍ਰਮੁੱਖ ਖੇਤਰ

**ਪਾਠ ਦਾ ਮੰਤਵ**

ਇਸ ਪਾਠ ਦਾ ਮੰਤਵ ਲੋਕਧਾਰਾ ਦੀ ਪਰਿਭਾਸ਼ਾ ਉਸਾਰਨਾ ਨਹੀਂ ਸਗੋਂ ਇਸ ਦੇ ਪ੍ਰਮੁੱਖ ਖੇਤਰਾਂ ਬਾਰੇ ਵਾਕਫ਼ੀ ਪ੍ਰਦਾਨ ਕਰਨਾ ਹੈ। ਇਸਦੇ ਪ੍ਰਮੁੱਖ ਖੇਤਰਾਂ ਦੀ ਪਛਾਣ ਕਰਨੀ ਇਸ ਪਾਠ ਦਾ ਪਹਿਲਾ ਹਿੱਸਾ ਹੈ ਅਤੇ ਲੋਕਧਾਰਾ ਤੇ ਸਾਹਿਤ ਦੇ ਆਪਸੀ ਸਬੰਧ, ਸਾਂਝ ਤੋਂ ਵੱਖਰਤਾ ਬਾਰੇ ਵਿਚਾਰ-ਚਰਚਾ ਕਰਨੀ ਦੂਸਰਾ ਹਿੱਸਾ ਹੈ।

ਲੋਕਧਾਰਾ ਦੇ ਪ੍ਰਮੁੱਖ ਖੇਤਰਾਂ ਬਾਰੇ ਵਾਕਫ਼ੀ ਪ੍ਰਦਾਨ ਕਰਨੀ ਇਸ ਕਰਕੇ ਵੀ ਜ਼ਰੂਰੀ ਹੈ ਕਿ ਆਮ ਤੌਰ ਤੇ ਅਜਿਹੀ ਵਾਕਫ਼ੀ ਬਹੁਤ ਘੱਟ ਵਿਅਕਤੀਆਂ ਪਾਸ ਹੁੰਦੀ ਹੈ ਅਤੇ ਕਈ ਵਾਰ ਅਗਿਆਨਤਾ-ਵੱਸ ਐਸੀ ਸਮੱਗਰੀ ਨੂੰ ਲੋਕਧਾਰਾਈ ਸਮੱਗਰੀ ਦਾ ਨਾਂ ਦੇ ਦਿੱਤਾ ਜਾਂਦਾ ਹੈ ਜਿਹੜੀ ਅਸਲ ਵਿਚ ਲੋਕਧਾਰਾਈ ਚਰਿੱਤਰ ਦੀ ਧਾਰਨੀ ਨਹੀਂ ਹੁੰਦੀ। ਲੋਕਧਾਰਾ ਤੇ ਸਾਹਿਤ ਦਾ ਆਪਸ ਵਿਚ ਗਹਿਰਾ ਸਬੰਧ ਹੈ। ਇਸ ਪਾਠ ਵਿਚ ਅਸੀਂ ਆਪਣੇ ਵਿਦਿਆਰਥੀਆਂ ਨੂੰ ਅਜਿਹੀ ਵਾਕਫ਼ੀ ਪ੍ਰਦਾਨ ਕਰਨ ਦਾ ਯਤਨ ਕਰਾਂਗੇ।

## I. ਲੋਕਧਾਰਾ ਦੇ ਪ੍ਰਮੁੱਖ ਖੇਤਰ

ਲੋਕਧਾਰਾ ਦਾ ਖੇਤਰ ਬਹੁਤ ਵਿਸ਼ਾਲ ਹੈ ਇਸ ਲਈ ਇਸਦੀ ਸਮੱਗਰੀ ਕਿਸੇ ਵੀ ਰੂਪ ਵਿਚ ਪ੍ਰਾਪਤ ਹੋ ਸਕਦੀ ਹੈ, ਬਾਣੀ ਵਿਲਾਸ ਦੇ ਰੂਪ ਵਿਚ, ਲੋਕ ਕਲਾ ਦੇ ਰੂਪ ਵਿਚ, ਠੋਸ ਵਸਤਾਂ ਦੇ ਰੂਪ ਵਿਚ, ਜੰਮਣ ਤੋਂ ਲੈ ਮਰਨ ਤੱਕ ਪੈਰ ਪੈਰ ਤੇ ਕਿਸੇ ਵਿਸ਼ਵਾਸ ਅਧੀਨ ਮਨਾਏ ਗਏ ਰੀਤੀ ਰਿਵਾਜ਼ ਦੇ ਰੂਪ ਵਿਚ; ਅਤੇ ਲੋਕ ਵਿੱਦਿਆ, ਲੋਕ ਧਰਮ, ਜੰਤਰ ਮੰਤਰ ਜਾਦੂ ਟੂਣੇ ਆਦਿ ਦੇ ਰੂਪ ਵਿਚ ਸਭ ਕੁਝ ਲੋਕਧਾਰਾ ਦੀ ਸਮੱਗਰੀ ਦਾ ਭਾਗ ਹੈ। ਸਪੱਸ਼ਟ ਹੈ ਕਿ ਲੋਕਧਾਰਾ ਨਿਰੋਲ ਮੌਖਿਕ ਅਭਿਵਿਅਕਤੀ ਨਹੀਂ। ਇਸ ਦਾ ਸੰਚਾਰ ਲਿਖਿਤ ਰੂਪ ਵਿਚ ਸਰੀਰਕ ਕਿਰਿਆਵਾਂ ਦੁਆਰਾ ਤੇ ਚਿੰਨ੍ਹਾਂ ਰਾਹੀਂ ਵੀ ਹੁੰਦਾ ਹੈ। ਇਸ ਦਾ ਵਰਤਾਰਾ ਸਭਿਅਤਾ ਤੋਂ ਦੁਰੇਡੇ ਟੱਪਰੀਵਾਸਾਂ, ਜੰਗਲਾਂ ਵਿਚ ਵਿਚਰ ਰਹੇ ਆਦਿ ਵਾਸੀਆਂ, ਅਲਪ ਸਿਖਿਅਤ ਪੇਂਡੂ ਲੋਕ ਅਤੇ ਸਭਿਅਤਾ ਦੀ ਸਿਖਰ 'ਤੇ ਪੁੱਜੇ ਸ਼ਹਿਰਾਂ ਦੇ ਵਸਨੀਕਾਂ ਵਿਚ ਵੀ ਹੈ। ਲੋਕਧਾਰਾ ਦੇ ਵਿਸ਼ਾਲ ਖੇਤਰ ਸਬੰਧੀ ਵੇਰਵੇ ਹੇਠਾਂ ਦਰਜ ਹਨ :

### (ੳ) ਲੋਕ ਸਾਹਿਤ (Folk Literature)

1. **ਲੋਕ ਗੀਤ** : ਸੰਸਕਾਰਾਂ, ਰੁੱਤਾਂ, ਪੂਜਾ-ਵਿਧੀਆਂ। ਦੇਵੀ ਦੇਵਤਿਆਂ, ਵਰਨਾਂ, ਮੇਲਿਆਂ, ਤਿਉਹਾਰਾਂ ਆਦਿ ਸੰਬੰਧੀ ਅਨੁਸ਼ਠਾਨਿਕ ਗੀਤ, ਕਾਰਜ ਗੀਤ, ਪਿਆਰ ਦੇ ਗੀਤ, ਸੂਰਮਗਤੀ ਦੇ ਗੀਤ, ਪੇਸ਼ਾਵਰ ਜਾਤੀਆਂ ਦੇ ਗੀਤ, ਬੱਚਿਆਂ ਦੇ ਗੀਤ ਆਦਿ।

2. **ਲੋਕ ਕਹਾਣੀਆਂ** : ਪੌਰਾਣ ਕਥਾ, ਅਵਦਾਨ, ਨੀਤੀ ਕਥਾ, ਪਸ਼ੂ ਕਹਾਣੀਆਂ, ਭੂਤਾਂ ਪ੍ਰੇਤਾਂ ਸਬੰਧੀ ਕਹਾਣੀਆਂ ਆਦਿ।

### (ਅ) ਲੋਕ ਕਲਾ (Folk Arts)

1. **ਲੋਕ ਗੀਤ** : ਪਰੰਪਰਾਗਤ ਰਾਗ, ਲੋਕ ਗੀਤਾਂ ਦੀਆਂ ਧੁਨੀਆਂ ਅਤੇ ਤਰਜ਼ਾ ਲੋਕ ਸਾਜ਼ਾ ਦੀ ਸਹਾਇਤਾ ਨਾਲ ਗਾਈਆਂ ਜਾਣ ਵਾਲੀਆਂ ਸੰਗੀਤਕ ਵਿਧੀਆਂ ਆਦਿ।

2. **ਲੋਕ ਨਾਟ** : ਰਾਮ ਲੀਲ੍ਹਾ, ਰਾਗ ਸ੍ਵਾਂਗ, ਪੁਤਲੀਆਂ ਦੇ ਤਮਾਸ਼ੇ, ਨਕਲਾਂ ਆਦਿ।

3. **ਲੋਕ ਨ੍ਰਿਤ** : ਭੰਗੜਾ, ਗਿੱਧਾ, ਸੰਮੀ, ਕਿੱਕਲੀ, ਠੁੰਮਰੀ ਆਦਿ।

4. **ਮੂਰਤੀ ਕਲਾ** : ਮਿੱਟੀ ਦੇ ਬਾਵੇ, ਖਿਡੌਣੇ ਅਤੇ ਕ੍ਰਿਸ਼ਨ, ਰਾਧਾ ਤੇ ਰਾਮ ਦੀਆਂ ਮੂਰਤੀਆਂ ਆਦਿ।

5. **ਲੋਕ ਕਲਾ ਦੇ ਵਿਵਿਧ ਰੂਪ** : ਲੋਕ ਚਿਤਰਕਾਰੀ, ਇਮਾਰਤਸਾਜੀ ਜਾਂ ਬੁਤਕਾਰੀ ਆਦਿ।

**(ੲ) ਅਨੁਸ਼ਠਾਨ (Ritual)**

1. **ਲੋਕ-ਰੀਤੀ ਰਿਵਾਜ** : ਜੰਮਣ ਤੋਂ ਲੈ ਕੇ ਮਰਨ ਤੱਕ ਅਨੇਕਾਂ ਸੰਸਕਾਰਾਂ ਜਿਵੇਂ ਤੇਰ੍ਹਵਾਂ, ਮੁੰਡਨ, ਨਾਮਕਰਨ, ਸ਼ਗਨ, ਵਿਆਹ, ਘੋੜੀ, ਮੁਕਲਾਵਾ, ਚੌਥਾ, ਕਿਰਿਆ ਜਾਂ ਸਤਾਰ੍ਹਵੀਂ ਆਦਿ।

2. **ਮੇਲੇ ਅਤੇ ਤਿਉਹਾਰ** : ਪਰੰਪਰਾਗਤ ਤਿਉਹਾਰ ਅਤੇ ਮੇਲੇ ਜਿਵੇਂ ਵਿਸਾਖੀ, ਦੁਸਹਿਰਾ, ਦੀਵਾਲੀ, ਲੋਹੜੀ, ਮਾਘੀ, ਹੋਲੀ, ਬਸੰਤ ਪੰਚਮੀ, ਨਿਰਜਲਾ ਇਕਦਾਸ਼ੀ, ਰੱਖੜੀ-ਪੁੰਨਿਆ, ਸ਼ਰਾਧ, ਕਰਵਾ ਚੌਥ, ਗੁਰਪੁਰਬ ਅਤੇ ਧਾਰਮਿਕ ਮਹਾਂਪੁਰਖਾਂ ਦੀਆਂ ਜਯੰਤੀਆਂ ਆਦਿ।

3. **ਵਰਤ ਅਤੇ ਪੂਜਾ ਵਿਧੀਆਂ** : ਅਨੇਕਾਂ ਪ੍ਰਕਾਰ ਦੇ ਵਰਤ, ਪੂਜਾ ਦੇ ਕਈ ਢੰਗ, ਸ਼ਗਨ, ਅਪਸ਼ਗਨ, ਪੀਰਾਂ, ਫ਼ਕੀਰਾਂ ਦੀਆਂ ਸੁੱਖਣਾ ਅਤੇ ਮਨਾਉਤਾਂ, ਲੋਕ ਵਿਸ਼ਵਾਸਾਂ ਅਧੀਨ ਕੀਤੇ ਜਾਣ ਵਾਲੇ ਕੰਮ, ਜਿਵੇਂ ਦੀਵਾਲੀ ਸਮੇਂ ਮੂਰਤੀਆਂ ਜਾਂ ਚਿੱਤਰ ਬਣਾਉਣੇ, ਲੱਛਮੀ ਪੂਜਾ, ਜੂਆ ਖੇਡਣਾ, ਖੇਤੀ ਸ਼ੁਰੂ ਕਰਨ ਤੋਂ ਪਹਿਲਾਂ ਹਲ, ਬਲਦ ਅਤੇ ਭੂਮੀ ਦੀ ਪੂਜਾ ਆਦਿ।

4. **ਲੋਕ ਧਰਮ** : ਇੱਥੇ ਇਹ ਕਹਿਣ ਦੀ ਲੋੜ ਪ੍ਰਤੀਤ ਨਹੀਂ ਹੁੰਦੀ ਕਿ ਲੋਕਿਕ ਰੀਤੀ-ਰਿਵਾਜਾਂ, ਪਰੰਪਰਾਗਤ ਮੇਲੇ ਅਤੇ ਤਿਉਹਾਰ, ਪੂਜਾ ਦੀਆਂ ਵਿਧੀਆਂ ਅਤੇ ਵਰਤ ਆਦਿ ਅਨੁਸ਼ਠਾਨ ਖੇਤਰ ਦੀ ਬਹੁਤ ਸਮੱਗਰੀ ਲੋਕ ਧਰਮ ਦਾ ਰੂਪ ਹੀ ਧਾਰਨ ਕਰ ਚੁੱਕੀ ਹੈ।

**(ਸ) ਲੋਕ ਵਿਸ਼ਵਾਸ (Folk Beliefs)**

ਜਾਦੂ ਟੂਣੇ ਟੋਟਕ, ਜੰਤਰ-ਮੰਤਰ ਤਾਵੀਜ਼, ਸ਼ਗਨ-ਅਪਸ਼ਗਨ, ਆਦਿ ਵਿਸ਼ਵਾਸ ਹਨ ਜਿਨ੍ਹਾਂ ਨੂੰ ਲੋਕ-ਵਿੱਦਿਆ ਵੀ ਕਿਹਾ ਜਾਂਦਾ ਹੈ। ਦੇਵੀ ਦੇਵਤਿਆਂ ਅਤੇ ਭੂਤਾਂ ਚੁੜੇਲਾਂ ਸਬੰਧੀ ਵਿਸ਼ਵਾਸ, ਭਵਿੱਖ ਬਾਣੀ ਅਥਵਾ ਅਕਾਸ਼ਬਾਣੀ ਨਾਲ ਸਬੰਧਤ ਵਿਸ਼ਵਾਸ, ਪ੍ਰਿਥਵੀ ਅਤੇ ਅਕਾਸ਼ ਨਾਲ ਜੁੜੇ ਹੋਏ ਵਿਸ਼ਵਾਸ, ਜਨਮ ਸਥਾਨ ਅਤੇ ਮੌਤ ਬਾਰੇ ਅਨੇਕਾਂ ਵਿਸ਼ਵਾਸ, ਹਰ ਉਸ ਵਸਤੂ ਬਾਰੇ ਵਿਸ਼ਵਾਸ ਜਿਸ ਦੀ ਵਰਤੋਂ ਮਨੁੱਖ ਕਰਦਾ ਹੈ ਅਤੇ ਜਿਸ ਨਾਲ ਕਿਸੇ ਰੂਪ ਵਿਚ ਉਸਦਾ ਵਾਹ ਪੈਂਦਾ ਹੈ।

**(ਹ) ਲੋਕ ਸ਼ਬਦ-ਨਿਰਮਾਣ ਅਤੇ ਲੋਕ-ਬੋਲੀ (Folk Ethymology and Folk Speech)**

ਲੋਕ ਕਥਨ ਦੀ ਬੋਲੀ, ਕਿੱਤੇ ਦੀ ਬੋਲੀ, ਬਾਜ਼ਾਰੀ ਬੋਲੀ, ਲੋਕ ਰੂਪਕ ਤੇ ਉਪਮਾਵਾਂ ਕਿਸੇ ਖ਼ਾਸ ਸ਼੍ਰੇਣੀ ਜਾਂ ਸਮੂਹ ਦੇ ਵਿਸ਼ੇਸ਼ ਬੋਲ, ਕਥਨ ਜਾਂ ਸ਼ਬਦ (ਨਿਹੰਗ ਸਿੰਘਾਂ ਦੇ ਬੋਲ), ਵਿਸ਼ੇਸ਼ ਹੂਕਾਂ ਤੇ ਚੀਕਾਂ, ਪਸ਼ੂ ਪੰਛੀਆਂ ਦੇ ਬੁਲਾਉਣ ਤੇ ਸਿਖਾਉਣ ਦੇ ਵਿਸ਼ੇਸ਼ ਢੰਗ (ਕੁੱਤਿਆਂ, ਘੋੜਿਆਂ, ਤਿੱਤਰਾਂ ਅਤੇ ਕਬੂਤਰਾਂ ਆਦਿ ਦੀ ਸਿਖਲਾਈ), ਵਿਅਕਤੀਆਂ ਅਤੇ ਥਾਵਾਂ ਦੇ ਖਾਸ ਅੱਲ, ਛੇੜ, ਮਖੌਲੀ ਆਦਿ।

**(ਕ) ਲੋਕ ਧੰਦੇ ਜਾਂ ਕਿੱਤੇ (Folk Crafts)**

ਸਿਲਾਈ, ਕਢਾਈ, ਕਸੀਦਾਕਾਰੀ, ਕੱਪੜਾ ਬੁਣਨਾ, ਜੁੱਤੀਆਂ ਬਣਾਉਣਾ, ਲੁਹਾਰਾ ਤੇ ਤਰਖਾਣਾ ਕੰਮ, ਘੁਮਿਆਰ ਠਠਿਆਰ, ਫੁਲੇਰੇ, ਚੂੜੀਗਰ, ਸੁਨਿਆਰ, ਰੰਗ ਸਾਜ਼, ਬਜ਼ੀਗਰ ਓਡ, ਮਹਾਗੀਰ, ਆਜੜੀ, ਟੱਪਰੀਵਾਸ, ਸ਼ਿਕਲੀਗਰ, ਸਾਸੀ ਆਦਿ ਸ਼੍ਰੇਣੀਆਂ ਅਥਵਾ ਕਿੱਤਿਆਂ ਨਾਲ ਸੰਬੰਧਤ ਬਹੁਤ ਸਾਰੀ ਸਮੱਗਰੀ ਜੋ ਪਦਾਰਥਕ ਵਸਤਾਂ ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ, ਜਿਵੇਂ ਪਰੰਪਰਾਗਤ ਸੰਦ, ਪ੍ਰਾਚੀਨ ਅਸਤਰ ਸ਼ਸਤਰ ਪੁਰਾਣੇ ਗਹਿਣੇ, ਕਪੜੇ ਅਤੇ ਭਾਂਡੇ, ਪ੍ਰਾਚੀਨ ਘਰ ਅਤੇ ਝੁੱਗੀਆਂ, ਕੌਡੀਆਂ, ਸਿੱਪੀਆਂ ਆਦਿ।

**(ਖ) ਫੁਟਕਲ (Miscellaneous)**

1. **ਲੋਕ ਮਨੋਰੰਜਨ ਅਥਵਾ ਖੇਡਾਂ** : ਲੁਕਣ ਮੀਚੀ, ਕੋਟਲਾ ਛਪਾਕੀ, ਚੀਚੋ ਚੀਚ ਘਚੋਲੀਆਂ, ਕਬੱਡੀ, ਘੋਲ, ਰੱਸਾ ਖਿੱਚਣਾ, ਚਉਪੜ ਤੇ ਛਿਕੜੀ, ਖਿੱਦੋ-ਖੂੰਡੀ, ਗੁੱਲੀ ਡੰਡਾ, ਜੱਟ ਬ੍ਰਾਹਮਣ, ਬਾਰਾ ਦਹਣੂੰ, ਗਤਕੇਬਾਜ਼ੀ, ਘੋੜ ਦੌੜਾ, ਕਬੂਤਰਾਂ, ਕੁੱਕੜਾਂ ਅਤੇ ਬਲਦਾਂ ਦੀ ਲੜਾਈ ਕਠ-ਪੁਤਲੀਆ, ਨਟਾਂ, ਬਾਜ਼ੀਗਰਾਂ ਅਤੇ ਮਦਾਰੀਆਂ ਦੇ ਤਮਾਸ਼ੇ ਆਦਿ।

2. **ਲੋਕ ਸਾਜ਼ ਜਾਂ ਲੋਕ ਵਾਦਨ** : ਤੂੰਬਾ, ਸਾਰੰਗੀ, ਢੋਲਕੀ, ਅਲਗੋਜ਼ਾ, ਵੰਝਲੀ, ਪੰਜੀਰੇ, ਰੋੜਾ, ਚਿਮਟਾ, ਕਿੰਗ, ਛੈਣੇ, ਡਮਰੂ, ਇਕਤਾਰਾ, ਦੱਡ, ਘੰਟੀ ਜਾਂ ਟੱਲੀ ਆਦਿ।

3. ਚਿੰਨ, ਗਣੇਸ਼ ਦਾ ਚਿੰਨ੍ਹ ਕ੍ਰਾਸ ਦਾ ਚਿੰਨ੍ਹ ਆਦਿ।

4. ਇਸ਼ਾਰੇ, ਸੈਨਤਾਂ ਅਤੇ ਹਾਵ ਭਾਵ ਦਰਸਾਉਣ ਲਈ ਸਰੀਰਕ ਅੰਗਾਂ ਦਾ ਪ੍ਰਯੋਗ।

ਲੋਕਧਾਰਾ ਦਾ ਵਰਗੀਕਰਣ ਇਸ ਗੱਲ ਦਾ ਸੂਚਕ ਹੈ ਕਿ ਇਸ ਦਾ ਖੇਤਰ ਵਿਸਤ੍ਰਿਤ ਹੈ। ਇਸ ਵਿਚ ਵਿਵਿਧਤਾ ਤੇ ਵੰਨ-ਸੁਵੰਨਤਾ ਹੈ। ਇਸ ਦੇ ਹਰ ਖੇਤਰ ਦੇ ਵੱਖਰੇ-ਵੱਖਰੇ ਅੰਗ ਸੁਤੰਤਰ ਤੌਰ ਤੇ ਅਧਿਐਨ ਦਾ ਵਿਸ਼ਾ ਬਣਨ ਦੀ ਸਮਰੱਥਾ ਰਖਦੇ ਹਨ। ਇਥੇ ਲੋਕਧਾਰਾ ਦੇ ਇਨ੍ਹਾਂ ਮਹੱਤਵਪੂਰਨ ਖੇਤਰਾਂ ਬਾਰੇ ਸੰਖਿਪਤ ਚਰਚਾ ਕੀਤੀ ਜਾਵੇਗੀ।

**ਲੋਕ ਸਾਹਿਤ**

ਇਹ ਲੋਕਧਾਰਾ ਦਾ ਬਾਣੀ-ਵਿਲਾਸ ਖੇਤਰ ਹੈ। ਲੋਕ-ਸੰਸਕ੍ਰਿਤੀ ਦੇ ਅੰਸ਼ਾਂ ਨਾਲ ਭਰੀ ਹੋਈ, ਲੋਕ ਮਾਨਸ ਦੀ ਸਹਿਜ ਸੁਭਾਵਕ ਅਭਿਵਿਅਕਤੀ ਲੋਕ ਸਾਹਿੱਤ ਹੈ, ਜਿਸ ਦਾ ਸੰਚਾਰ ਲੋਕ ਬੋਲੀ ਦੁਆਰਾ ਮੌਖਿਕ ਰੂਪ ਵਿਚ ਹੋਇਆ ਹੋਵੇ। ਇਸ ਰਚਨਾਂ ਨਾਲ ਕਿਸੇ ਵੀ ਲੇਖਕ ਦਾ ਨਾਂ ਜੁੜਿਆ ਹੋਇਆ ਨਹੀਂ ਹੁੰਦਾ ਅਤੇ ਇਹ ਲੋਕ-ਸਮੂਹ ਦੀ ਪ੍ਰਵਾਨਗੀ ਲੈ ਕੇ ਪੀੜੀਓ ਪੀੜ੍ਹੀ ਅੱਗੇ ਚਲਦੀ ਹੈ। ਲੋਕ ਸਾਹਿਤ ਇਹ ਅਜਿਹੀ ਸੰਮਤੀ ਹੈ ਜਿਸ ਉਪਰ ਹਰ ਕੌਮ ਮਾਣ ਕਰਦੀ ਹੈ। ਲੋਕ ਸਾਹਿਤ ਰਾਹੀਂ ਕਿਸੇ ਸਮਾਜ ਦੀ ਨੁਹਾਰ ਪੂਰੀ ਤਰ੍ਹਾਂ ਦੇਖੀ ਜਾ ਸਕਦੀ ਹੈ।

**ਲੋਕ ਕਲਾ**

ਲੋਕਧਾਰਾ ਦੇ ਵਰਗੀਕਰਣ ਵਿਚ ਦੂਜਾ ਪ੍ਰਮੁੱਖ ਖੇਤਰ ਕਲਾ-ਵਿਲਾਸ ਦਾ ਹੈ। ਇਸ ਵਿਚ ਲੋਕ ਕਲਾ ਦੇ ਸਾਰੇ ਰੂਪ : ਨ੍ਰਿਤ ਸੰਗੀਤ, ਅਭਿਨਯ, ਚਿਤਰਕਾਰੀ, ਮੂਰਤੀਕਾਰੀ ਆਦਿ ਸ਼ਾਮਲ ਹਨ। ਲੋਕ ਕਲਾ ਨੂੰ ਆਮ ਕਰਕੇ ਪ੍ਰਾਰੰਭਿਕ ਜਾਂ ਪ੍ਰਾਚੀਨ ਕਲਾ ਕਿਹਾ ਜਾਂਦਾ ਹੈ। ਲੋਕ ਕਲਾ ਦੇ ਜਿਹੜੇ ਰੂਪ ਅੱਜ ਉਪਲੱਬਧ ਹਨ, ਉਨ੍ਹਾਂ ਦਾ ਪ੍ਰਾਰੰਭਿਕ ਰੂਪ ਕੀ ਸੀ ? ਇਸ ਬਾਰੇ ਕੋਈ ਨਿਰਣਾਂ ਦੇ ਸਕਣਾ ਬਹੁਤ ਕਠਿਨ ਹੈ। ਨਵੇਂ ਯੁੱਗ ਦੀਆਂ ਨਵੀਨ ਲੋੜਾਂ ਨਵੀਨ ਕਲਾ ਨੂੰ ਜਨਮ ਦੇਂਦੀਆਂ ਹਨ। ਪਰੰਤੂ ਇਹ ਗੱਲ ਸਪੱਸ਼ਟ ਹੈ ਕਿ ਲੋਕ ਕਲਾ ਦੇ ਹਰ ਰੂਪ ਨੇ ਆਪਣੇ ਵਰਗ ਦੀ ਸ਼ਾਸਤਰੀ ਕਲਾ ਦੇ ਨਿਰਮਾਣ ਵਿਚ ਬਹੁਤ ਹਿੱਸਾ ਪਾਇਆ ਹੈ।

**ਲੋਕ ਨਾਚ**

ਲੋਕ ਨਾਚ ਲੋਕ-ਸਮੂਹ ਦੀ ਖੁਸ਼ੀ ਦਾ ਸਰੀਰਿਕ ਹਰਕਤਾਂ ਰਾਹੀਂ ਸਹਿਜ ਸੁਭਾਅ ਤੇ ਆਪ ਮੁਹਾਰਾ ਪ੍ਰਗਟਾਅ ਹੈ। ਆਦਿ ਕਾਲੀਨ ਮਨੁੱਖ ਨੇ ਕੁਦਰਤੀ ਸ਼ਕਤੀਆਂ ਦੀ ਨਕਲ ਕਰਨ, ਦੇਵੀ ਦੇਵਤਿਆਂ ਨੂੰ ਰੀਝਾਉਣ ਅਤੇ ਲੋਕ ਜੀਵਨ ਦੇ ਅਨੇਕ ਅਵਸਰਾਂ 'ਤੇ ਨਾਚ ਦਾ ਪ੍ਰਯੋਗ ਕੀਤਾ। ਜਿਸ ਕਾਰਨ ਸੁਭਾਵਿਕ ਹੀ ਲੋਕ ਨਾਚਾਂ ਦਾ ਪ੍ਰਾਕਿਰਤੀ ਅਤੇ ਲੋਕ ਜੀਵਨ ਨਾਲ ਡੂੰਘਾ ਸੰਬੰਧ ਬਣ ਗਿਆ।

**ਲੋਕ ਨਾਟਕ**

ਲੋਕ ਨਾਟਕ ਲੋਕਧਾਰਾ ਦਾ ਅਜਿਹਾ ਭਾਗ ਹੈ ਜਿਸ ਦਾ ਸੰਬੰਧ ਲੋਕ ਸਾਹਿਤ ਅਤੇ ਲੋਕ ਕਲਾ ਦੋਹਾਂ ਖੇਤਰਾਂ ਨਾਲ ਹੈ। ਲੋਕ ਨਾਟਕ ਕੁਦਰਤ ਦੇ ਖੁੱਲ੍ਹੇ ਵਾਯੂਮੰਡਲ ਵਿਚ ਖੇਡੇ ਜਾਣ ਵਾਲਾ ਪਰੰਪਰਾ ਦੇ ਅੰਸ਼ਾਂ ਨਾਲ ਭਰਪੂਰ ਅਜਿਹਾ ਨਾਟਕ ਹੈ, ਜਿਸ ਵਿਚ ਲੋਕ-ਪ੍ਰਿਯ ਕਥਾਨਕ, ਵੰਨ-ਸੁਵੰਨੇ ਪਾਤਰਾਂ ਦੁਆਰਾ ਲੋਕ ਗੀਤਾਂ ਤੇ ਲੋਕ ਨਾਚਾਂ ਦੀ ਸਹਾਇਤਾ ਨਾਲ ਪੇਸ਼ ਕੀਤਾ ਗਿਆ ਹੋਵੇ। ਲੋਕ ਨਾਟਕ ਦੁਆਰਾ ਲੋਕ-ਜੀਵਨ ਦਾ ਇਤਿਹਾਸ ਪੂਰੀ ਤਰ੍ਹਾਂ ਪ੍ਰਤਿਬਿੰਬਤ ਹੁੰਦਾ ਹੈ।

**ਲੋਕ ਚਿੱਤਰਕਾਰੀ**

ਲੋਕ ਜੀਵਨ ਨੂੰ ਪ੍ਰਗਟਾਉਣ ਅਤੇ ਲੋਕ ਸੰਸਕ੍ਰਿਤੀ ਨੂੰ ਸੁਰੱਖਿਅਤ ਰੱਖਣ ਦੇ ਹੋਰ ਵਿਸ਼ੇਸ਼ ਸਾਧਨ, ਲੋਕ ਚਿੱਤਰ ਅਤੇ ਪਰੰਪਰਾਗਤ ਮੂਰਤੀਆਂ ਹਨ। ਕਲਪ ਬ੍ਰਿਛ ਕੰਵਲ ਫੁੱਲ ਕਾਮਧੇਨੁ, ਹਿਰਨ, ਸ਼ੇਰ ਆਦਿ ਦੇ ਮਿਲਦੇ ਚਿੱਤਰ ਅਤੇ ਇੰਦਰ, ਗਣੇਸ਼, ਵਿਸ਼ਨੂੰ ਤੇ ਰਾਧਾ ਕ੍ਰਿਸ਼ਨ ਦੀਆਂ ਮੂਰਤੀਆਂ ਇਕ ਲੰਮੀ ਪਰੰਪਰਾ ਦੀ ਹੀ ਦੇਣ ਹਨ। ਅਨੇਕਾਂ ਮੂਰਤੀਆਂ ਤੇ ਚਿਤਰਾਂ ਵਿਚ 'ਰਮਾਇਣ' ਤੇ 'ਮਹਾਭਾਰਤ' ਨਾਲ ਸੰਬੰਧਿਤ ਲੋਕ ਕਹਾਣੀਆਂ ਨੂੰ ਰੂਪਮਾਨ ਕੀਤਾ ਹੋਇਆ ਹੈ। ਕਈ ਚਿਤਰਾਂ ਵਿਚ ਦੈਤਾਂ ਵਰਗੇ ਮੂੰਹ, ਲਮਕੀ ਹੋਈ ਜਬਾਨ, ਵਹਿਸ਼ੀ ਖੂੰਖਾਰ ਤੇ ਭਿਆਨਕ ਦੰਦ, ਉਭਰੀਆਂ ਤੇ ਫੈਲੀਆਂ ਅੱਖਾਂ ਅਤੇ ਅੱਗੇ ਵਧੀਆਂ ਇੰਦਰੀਆਂ ਦਿਸ ਆਉਂਦੀਆਂ ਹਨ। ਇਹ ਚਿੱਤਰ ਕਿਸੇ ਸਰਵ ਵਿਆਪਕ ਮੁਬਾਲਗਾ ਭਰੀ ਸ਼ੈਲੀ ਦੇ

ਸੂਚਕ ਹਨ। ਡਾ. ਮੁਲਕਰਾਜ ਆਨੰਦ ਅਨੁਸਾਰ ਭਾਰਤ ਵਿਚ ਧਾਰਮਿਕ ਸਰਪ੍ਰਸਤੀ ਹੇਠ ਪੈਦਾ ਹੋਈ ਲੋਕ ਕਲਾ ਨੇ ਹੀ ਪਿਛੋਂ ਹਿੰਦੂ ਕਲਾ, ਸਿੱਖ ਚਿੱਤਰਕਾਰੀ ਜਾਂ ਮੁਸਲਮਾਨੀ ਹੁਨਰ ਨੂੰ ਜਨਮ ਦਿੱਤਾ।

**ਅਨੁਸ਼ਠਾਨ**

ਲੋਕਧਾਰਾ ਦੇ ਖੇਤਰ ਵਿਚ ਅਨੁਸ਼ਠਾਨਾਂ ਦਾ ਮਹੱਤਵ ਜ਼ਿਆਦਾ ਹੈ। ਅਨੁਸ਼ਠਾਨ ਦਾ ਕੋਸ਼ਗਤ ਅਰਥ 'ਉਪਕਰਮ' ਜਾਂ ਕਿਸੇ ਕਾਰਜ ਦਾ ਆਰੰਭਣਾ ਹੈ। ਨਿਯਮ ਅਨੁਕੂਲ ਕਿਸੇ ਕਾਰਜ ਦੇ ਕਰਨ ਜਾਂ ਕਿਸੇ ਉੱਤਮ ਫਲ ਦੀ ਪ੍ਰਾਪਤੀ ਲਈ, ਕਿਸੇ ਦੇਵਤੇ ਦੀ ਅਰਾਧਨਾ ਨੂੰ ਅਨੁਸ਼ਠਾਨ ਕਿਹਾ ਜਾਂਦਾ ਹੈ। (ਰਾਮ ਸ਼ੰਕਰ ਸ਼ੁਕਲ, ਭਾਸ਼ਾ ਸ਼ਬਦ ਕੋਸ਼ ਪੰਨਾ 95)। ਅਨੁਸ਼ਠਾਨਾਂ ਨਾਲ ਕਈ ਪ੍ਰਕਾਰ ਧਾਰਮਿਕ ਵਿਸ਼ਵਾਸ ਜੁੜੇ ਹੋਏ ਹਨ। ਇਸ ਦ੍ਰਿਸ਼ਟੀ ਤੋਂ ਅਨੁਸ਼ਠਾਨ ਨੂੰ ਵਿਸ਼ਵਾਸ ਦੇ ਖੇਤਰ ਦਾ ਇਕ ਵਿਸਤ੍ਰਿਤ ਰੂਪ ਵੀ ਮੰਨਿਆ ਜਾ ਸਕਦਾ ਹੈ। ਰਹੁ-ਰੀਤਾ, ਤਿਉਹਾਰ, ਪੂਜਾ ਦੀਆਂ ਵੱਖ-ਵੱਖ ਵਿਧੀਆਂ ਅਤੇ ਵਰਤ ਆਦਿ ਲੋਕ ਮਾਨਸ ਦੀ ਧਾਰਮਕ ਭਾਵਨਾ ਦਾ ਪ੍ਰਤੀਫ਼ਲ ਹੁੰਦੇ ਹਨ। ਦੇਵੀ ਦੇਵਤਿਆਂ ਦੀ ਅਰਾਧਨਾ, ਉਨ੍ਹਾਂ ਦੀ ਕਰੋਪੀ ਦੁਆਰਾ ਡੰਨ ਅਤੇ ਮਿਹਰ ਰਾਹੀਂ ਚੰਗੇ ਫਲ ਦੀ ਪ੍ਰਾਪਤੀ ਦੀ ਅਭਿਲਾਸ਼ਾ, ਉਨ੍ਹਾਂ ਨੂੰ ਰਿਝਾਉਣ ਲਈ ਭਿੰਨ ਭਿੰਨ ਵਿਧੀਆਂ ਅਤੇ ਪਹੁੰਚੇ ਹੋਏ ਮਹਾਂ-ਪੁਰਖਾਂ ਤੇ ਅਵਤਾਰਾਂ ਪ੍ਰਤੀ ਸਾਡੀ ਸ਼ਰਧਾ ਨੇ ਕਈ ਉਤਸਵਾਂ, ਤਿਉਹਾਰਾਂ ਅਤੇ ਮੇਲਿਆਂ ਨੂੰ ਜਨਮ ਦਿੱਤਾ ਹੈ। ਮੱਸਿਆ, ਪੁੰਨਿਆ, ਸੰਗਰਾਂਦ, ਨਿਰਜਲਾ ਇਕਾਦਸੀ, ਦੁਸਹਿਰਾ, ਨੌਰਾਤੇ, ਸ਼ਰਾਧ, ਲੋਹੜੀ, ਮਾਘੀ, ਬਸੰਤ ਪੰਚਮੀ, ਹੋਲੀ, ਕਰਵਾ ਚੌਥ, ਗੁਰਪੁਰਬ ਅਤੇ ਹੋਰ ਕਈ ਅਵਸਰਾਂ ਨਾਲ ਸਾਡੀ ਧਾਰਮਕ ਭਾਵਨਾ ਜੁੜੀ ਹੁੰਦੀ ਹੈ, ਇਹ ਭਾਵਨਾ ਲੋਕ ਧਰਮ ਨੂੰ ਹੋਂਦ ਵਿਚ ਲਿਆਉਂਦੀ ਹੈ।

**ਲੋਕ ਵਿਸ਼ਵਾਸ**

ਲੋਕ ਮਾਨਸ ਦੀ ਅਭਿਵਿਅਕਤੀ ਨਾਲ ਲੋਕ ਵਿਸ਼ਵਾਸਾਂ ਦਾ ਸਿੱਧਾ ਤੇ ਗਹਿਰਾ ਸੰਬੰਧ ਹੈ। ਵਿਸ਼ਵਾਸ ਪਰੰਪਰਾਗਤ ਤੌਰ 'ਤੇ ਪ੍ਰਵਾਨ ਕਰ ਲਈ ਗਈ ਧਾਰਨਾ ਹੈ। ਇਸ ਵਿਚ ਅਜਿਹੇ ਅਦਭੁਤ (ਪਰਾਸਰੀਰਕ) ਵਿਸ਼ਵਾਸ ਆ ਜਾਂਦੇ ਹਨ, ਜਿਨ੍ਹਾਂ ਨੂੰ ਲੋਕਾਂ ਨਾਲ ਸੰਬੰਧਤ ਕਰਨ ਅਤੇ ਪ੍ਰਭਾਵਾਂ ਦੀ ਭਾਵਤਮਕ ਸਾਂਝ ਦੇ ਨਤੀਜੇ ਵਜੋਂ ਉਸਾਰਨ ਵਿਚ ਅਣਗਿਣਤ ਪੀੜ੍ਹੀਆਂ ਬੀਤ ਚੁੱਕੀਆਂ ਹੁੰਦੀਆਂ ਹਨ। ਵਿਸ਼ਵਾਸਾਂ ਦਾ ਸਾਡੇ ਜੀਵਨ-ਤਜਰਬਿਆਂ ਵਿਚ ਬਹੁਤ ਵੱਡਾ ਹੱਥ ਹੈ ਅਤੇ ਇਹ ਵਿਸ਼ਵਾਸ ਸਾਡੇ ਤਜਰਬਿਆਂ ਦੀ ਪ੍ਰਕਿਰਤੀ ਬਾਰੇ ਵੀ ਨਿਰਣਾ ਕਰਦੇ ਹਨ। ਇਸ ਤਰ੍ਹਾਂ ਵਿਸ਼ਵਾਸਾਂ ਦੀ ਧਾਰਾ ਨਿਰੰਤਰ ਚਲਦੀ ਰਹਿੰਦੀ ਹੈ। ਵਿੱਦਿਆ ਦੇ ਬਾਵਜੂਦ ਅਸੀਂ ਸਾਰੇ ਕਿਸੇ ਹੱਥ ਤੱਕ ਵਹਿਮੀ-ਭਰਮੀ ਅਤੇ ਅੰਧ ਵਿਸ਼ਵਾਸੀ ਹੁੰਦੇ ਹਾਂ।

**ਲੋਕ ਧੰਦੇ**

ਕਾਰੀਗਰਾਂ ਦੀ ਇਕ ਉਦਯੋਗਿਕ ਹੁਨਰਾਂ ਵਾਲੀ ਸ਼੍ਰੇਣੀ ਹੈ, ਜਿਸ ਵਿਚ ਲਕੜੀ, ਲੋਹਾ, ਪੱਥਰ, ਮਿੱਟੀ, ਕਾਂਸੀ, ਪਿੱਤਲ, ਤਾਂਬਾ, ਸੋਨਾ ਤੇ ਸ਼ੋਰਾ, ਨਿਕਲ, ਚਮੜੇ ਦਾ ਕੰਮ, ਸਿਲਾਈ, ਕਢਾਈ, ਕਸੀਦਾਕਾਰੀ ਆਦਿ ਕੰਮ ਕਰਨ ਵਾਲੀਆਂ ਜਾਤੀਆਂ ਸ਼ਾਮਲ ਹਨ। ਇਨ੍ਹਾਂ ਜਾਤਾਂ ਵਿਚ ਲੁਹਾਰ, ਜੁਲਾਹੇ, ਮੋਚੀ, ਧੋਬੀ, ਦਰਜੀ, ਰਾਜ, ਸੁਨਿਆਰ, ਸ਼ਿਕਲੀਗਰ, ਘੁਮਾਰ, ਚੂੜ੍ਹੀਗਰ, ਠਠੇਰੇ, ਪੇਂਜੇ, ਤੇਲੀ ਅਤੇ ਲਲਾਰੀ ਆਦਿ ਸ਼ਾਮਲ ਹਨ। ਇਨ੍ਹਾਂ ਪੇਸ਼ਾਵਰ ਜਾਤੀਆਂ ਅਤੇ ਇਨ੍ਹਾਂ ਦੇ ਕਿੱਤਿਆਂ ਨੂੰ ਮੁੱਖ ਰੱਖ ਕੇ ਲੋਕਧਾਰਾਈ ਸਮੱਗਰੀ ਦੇ ਵਰਗੀਕਰਣ ਵਿਚ ਇਨ੍ਹਾਂ ਲਈ ਲੋਕ-ਧੰਦੇ ਖੇਤਰ ਨਿਸ਼ਚਿਤ ਕੀਤਾ ਗਿਆ ਹੈ।

**ਲੋਕ ਬੋਲੀ ਅਤੇ ਲੋਕ ਸ਼ਬਦ ਨਿਰਮਾਣ**

ਲੋਕਧਾਰਾ ਦੀ ਸਮੱਗਰੀ ਵਿਚ ਲੋਕ ਬੋਲੀ (folk speech) ਅਤੇ ਲੋਕ ਸ਼ਬਦ ਨਿਰਮਾਣ ਤਥਾ ਲੋਕ-ਨਿਰੁਕਤੀ (folk etymoogy) ਦਾ ਖੇਤਰ ਵੀ ਵਰਣਨਯੋਗ ਹੈ। ਭਾਵੇਂ ਇਹ ਵੀ ਵਾਣੀ-ਵਿਲਾਸ ਦਾ ਇਕ ਭਾਗ ਹੋ ਸਕਦਾ ਹੈ, ਫਿਰ ਵੀ ਇਹ ਲੋਕ ਸਾਹਿਤ ਤੋਂ ਬਿਲਕੁਲ ਭਿੰਨ ਹੈ। ਲੋਕ ਨਿਰੁਕਤੀ ਜਾਂ ਲੋਕ-ਪ੍ਰਿਯ ਸ਼ਬਦ ਘਾੜਤ ਅਜਿਹੀ ਪ੍ਰਕਿਰਿਆ ਹੈ, ਜਿਸ ਵਿਚ ਲੋਕ ਸਮੂਹ ਕਿਸੇ ਅਣਜਾਣੇ ਸ਼ਬਦ ਦਾ ਕਿਸੇ ਅਜਿਹੇ ਸਬੰਧ ਦੇ ਆਧਾਰ 'ਤੇ ਵਿਸ਼ਲੇਸ਼ਣ ਕਰਦਾ ਹੈ, ਕਿ ਲੋਕ ਸਮੂਹ ਆਪ ਅਣਜਾਣ ਹੁੰਦਾ ਹੈ। 'ਚਾਕੂ' ਦੀ ਥਾਂ 'ਕਾਚੂ' ਸ਼ਬਦ ਦਾ ਪ੍ਰਯੋਗ ਇਸੇ ਰੁਚੀ ਦਾ ਪ੍ਰਤਿਫ਼ਲ ਹੈ। ਸ਼ਬਦਾਂ ਦੀ ਵਰਤੋਂ ਨਾ ਹੋਣ ਕਾਰਨ ਅਰਥਾਂ ਵਿਚ ਪਰਿਵਰਤਨ, ਸ਼ਬਦਾਂ ਦਾ ਕਾਇਆ ਕਲਪ, ਬਦੇਸ਼ੀ ਭਾਸ਼ਾ ਦੇ ਸ਼ਬਦਾਂ ਦਾ ਅਸ਼ੁੱਧ ਉਚਾਰਣ ਕਰਕੇ ਬਦਲ ਲੈਣਾ, ਵਿਦਵਾਨਾਂ ਵੱਲੋਂ ਸ਼ਬਦਾਂ ਦੀ ਨਵੀਂ ਵਿਆਖਿਆ ਅਤੇ ਲੋਕ ਵਰਤੋਂ ਕਾਰਨ ਸ਼ਬਦਾਂ ਦੇ ਰੂਪ ਤੇ ਭਾਵਾਂ ਵਿਚ ਤਬਦੀਲੀ, ਲੋਕ ਨਿਰੁਕਤੀ ਦੇ ਕਰਤਵ ਵਿਚ ਸ਼ਾਮਲ ਹਨ।

ਉਪਰੋਕਤ ਵਿਚਾਰ ਚਰਚਾ ਤੋਂ ਪਿਛੋਂ ਬਿਲਕੁਲ ਹੀ ਕੋਈ ਸੰਦੇਹ ਨਹੀਂ ਰਹਿੰਦਾ ਕਿ ਲੋਕਧਾਰਾ ਦਾ ਖੇਤਰ ਬਹੁਤ ਵਿਸ਼ਾਲ ਹੈ ਅਤੇ ਇਸ ਦੀ ਸਮੱਗਰੀ ਵਿਚ ਚੋਖੀ ਵਿਵਿਧਤਾ ਪਾਈ ਜਾਂਦੀ ਹੈ।

## II. ਲੋਕਧਾਰਾ ਅਤੇ ਸਾਹਿਤ

ਸਤੇਂਦ੍ਰ ਨੇ ਆਪਣੀ ਪੁਸਤਕ 'ਲੋਕਤਾਤ੍ਰਿਕ ਅਧਿਐਨ' ਵਿਚ ਲੋਕਧਾਰਾ ਤੇ ਸਾਹਿਤ ਦੇ ਸਬੰਧਾਂ ਬਾਰੇ ਲਿਖਿਆ ਹੈ ਕਿ 'ਕੋਈ ਵੀ ਸਾਹਿਤ ਲੋਕਧਾਰਾ ਦੇ ਪ੍ਰਭਾਵ ਤੋਂ ਅਛੋਹ ਨਹੀਂ ਰਹਿ ਸਕਦਾ, ਕਿਉਂਕਿ ਲੋਕਧਾਰਾ ਅਤੇ ਵਿਸ਼ਿਸ਼ਟ ਸਾਹਿਤ ਦੀਆਂ ਪ੍ਰਵਿਰਤੀਆਂ ਵਿਚ ਜਿਹੜਾ ਮੌਲਿਕ ਭੇਦ ਹੈ, ਉਹ ਇਸ ਪ੍ਰਭਾਵ ਨੂੰ ਅਤਿ ਆਵੱਸ਼ਕ ਬਣਾ ਦੇਂਦਾ ਹੈ। ਲੋਕਧਾਰਾਈ ਸਮੱਗਰੀ ਦੇ ਵਰਗੀਕਰਨ ਤੇ ਵਿਭਿੰਨ ਖੇਤਰਾਂ ਸਬੰਧੀ ਜਾਣਕਾਰੀ ਤੋਂ ਵੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਲੋਕਧਾਰਾ ਦਾ ਹਰ ਖੇਤਰ ਵਿਸ਼ਿਸ਼ਟ ਸਾਹਿਤ ਨੂੰ ਪ੍ਰਭਾਵਿਤ ਕਰਨ ਦੀਆਂ ਅਨੇਕਾਂ ਸੰਭਾਵਨਾਵਾਂ ਰਖਦਾ ਹੈ। ਲੋਕਧਾਰਾ ਅਤੇ ਸਾਹਿਤ ਦੀ ਇਸ ਪਰਸਪਰ ਸਾਂਝ ਨੂੰ ਮੁੱਖ ਰੱਖ ਕੇ ਕਈ ਵਿਦਵਾਨ ਲੋਕਾਂ ਦੀ ਬਹੁਤ ਸਾਰੀ ਸਮੱਗਰੀ ਨੂੰ ਵਿਸ਼ਿਸ਼ਟ ਸਾਹਿਤ ਵਿਚ ਅਤੇ ਵਿਸ਼ਿਸ਼ਟ ਸਾਹਿਤ ਦੀਆਂ ਅਨੇਕਾਂ ਰਚਨਾਵਾਂ ਨੂੰ ਲੋਕਧਾਰਾ ਦੇ ਵਰਗ ਵਿਚ ਸ਼ਾਮਲ ਕਰ ਲੈਂਦੇ ਹਨ। ਲੋਕਧਾਰਾ ਅਤੇ ਸਾਹਿਤ ਦੇ ਤੁਲਨਾਤਮਕ ਅਧਿਐਨ ਤੋਂ ਪਹਿਲਾਂ ਸਾਹਿਤ ਦੀ ਪ੍ਰਮਾਣਿਕ ਪਰਿਭਾਸ਼ਾ ਅਤੇ ਇਸ ਦੇ ਰੂਪਾਂ ਬਾਰੇ ਜਾਣਕਾਰੀ ਜ਼ਰੂਰੀ ਹੈ।

ਸਾਹਿਤ ਇਕ ਕੋਮਲ ਹੁਨਰ ਹੈ, ਜਿਸ ਦੀ ਅਭਿਵਿਅੰਜਨਾ ਸ਼ਬਦਾਂ ਦੁਆਰਾ ਹੁੰਦੀ ਹੈ। ਇਹ ਸ਼ਬਦ ਲੇਖਕ ਦੁਆਰਾ ਪਦ ਜਾਂ ਗੱਦ ਦਾ ਰੂਪ ਧਾਰ ਕੇ ਸੁਹਜ ਸੁਆਦ ਦਿੰਦੇ ਹੋਏ, ਮਨੁੱਖੀ ਭਾਵਾਂ ਨੂੰ ਹਲੂਣਾ ਦੇਣ ਦੀ ਸ਼ਕਤੀ ਰਖਦੇ ਹਨ। ਪਾਠਕ ਦੇ ਗਿਆਨ ਵਿਚ ਵਾਧਾ ਕਰਨ ਦੇ ਨਾਲ-ਨਾਲ ਉਸ ਦੇ ਮਨ ਉਪਰ ਸੁੰਦਰਤਾ ਦਾ ਪ੍ਰਭਾਵ ਵੀ ਪਾਉਂਦੇ ਹਨ। ਲੇਖਕ ਦੀ ਸ਼ਖ਼ਸੀਅਤ ਅਜਿਹੀ ਰਚਨਾ ਵਿਚੋਂ ਪੂਰੀ ਤਰ੍ਹਾਂ ਪ੍ਰਤੀਬਿੰਬਤ ਹੁੰਦੀ ਹੈ।

ਪਦ ਵਿਚ ਮਹਾਂਕਾਵਿ, ਕਿੱਸਾ, ਵਾਰ, ਗੀਤ-ਕਾਵਿ ਅਤੇ ਗੱਦ ਵਿਚ ਨਾਵਲ, ਕਹਾਣੀ, ਨਿਬੰਧ, ਜੀਵਨੀ, ਸਫ਼ਰਨਾਮੇ, ਡਾਇਰੀ ਅਤੇ ਵਿਸ਼ੇਸ਼ ਰੂਪ ਵਰਣਨਯੋਗ ਹਨ। ਨਾਟਕ ਗੱਦ ਵਿਚ ਲਿਖੇ ਜਾਂਦੇ ਹਨ ਅਤੇ ਪਦ ਵਿਚ ਵੀ। ਇਨ੍ਹਾਂ ਸਾਹਿਤਕ ਰੂਪਾਂ ਦੇ ਨਿਰਮਾਣ ਵਿਚ ਲੋਕਧਾਰਾਈ ਸਮੱਗਰੀ ਦਾ ਵੱਡਾ ਹੱਥ ਹੈ। ਇਸ ਨੂੰ ਨਿਰਧਾਰਿਤ ਕਰਨ ਲਈ ਸਾਹਿਤ ਦਾ ਲੋਕਤਾਂਤ੍ਰਿਕ ਅਧਿਐਨ ਜ਼ਰੂਰੀ ਹੈ। ਇਸ ਵਿਚ ਸਾਹਿਤ ਵਿਚੋਂ ਲੋਕਧਾਰਾ ਦੇ ਉਨ੍ਹਾਂ ਤੱਤਾਂ ਦੀ ਭਾਲ ਕੀਤੀ ਜਾਂਦੀ ਹੈ, ਜਿਹੜੇ ਲੇਖਕਾਂ ਦੁਆਰਾ ਉਨ੍ਹਾਂ ਦੀਆਂ ਰਚਨਾਵਾਂ ਦੇ ਨਿਰਮਾਣ ਸਮੇਂ ਅਚੇਤ ਰੂਪ ਗ੍ਰਹਿਣ ਕਰ ਲਏ ਜਾਂਦੇ ਹਨ।

ਲੋਕਧਾਰਾ-ਸ਼ਾਸਤਰ ਦੀ ਦ੍ਰਿਸ਼ਟੀ ਤੋਂ ਲੋਕ ਮਾਨਸ ਦੀ ਅਭਿਵਿਅਕਤੀ ਦੁਆਰਾ ਜਿਹੜੇ ਤੱਤ ਉਪਲਬੱਧ ਹੁੰਦੇ ਹਨ, ਉਹ ਲੋਕ-ਤੱਤ ਹਨ। ਵਿਸ਼ਿਸ਼ਟ ਸਾਹਿਤ ਵਿਚ ਵਿਦਮਾਨ ਅਜਿਹੇ ਲੋਕ ਤੱਤਾ ਦਾ ਉਲੇਖ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ।

(ੳ) ਲੋਕ ਸਾਹਿਤ ਦੇ ਤੱਤ
(ਅ) ਲੋਕ ਕਲਾ ਦੇ ਤੱਤ
(ੲ) ਅਨੁਸ਼ਠਾਨਾਂ ਦੇ ਤੱਤ
(ਸ) ਲੋਕ ਵਿਸ਼ਵਾਸਾਂ ਦੇ ਤੱਤ
(ਹ) ਲੋਕ ਮਨੋਰੰਜਨ, ਲੋਕ ਧੰਦਿਆਂ ਅਤੇ ਲੋਕ ਬੋਲੀਆਂ ਦੇ ਤੱਤ ਆਦਿ।

ਲੋਕ ਸਾਹਿਤ ਦੇ ਤੱਤਾਂ ਵਿਚ ਕਾਵਿ-ਭੇਦ, ਲੋਕ ਗੀਤ ਸ਼ੈਲੀਆਂ, ਲੋਕ ਛੰਦ, ਲੋਕ ਪ੍ਰਚੱਲਿਤ ਕਥਾ ਰੂਪ, ਲੋਕ ਗੀਤਾਂ ਅਤੇ ਲੋਕ ਕਥਾਵਾਂ ਦੇ ਅਭਿਪ੍ਰਾਇ (motifs), ਕਥਾਨਕ ਰੂੜ੍ਹੀਆ, ਲਘੂ ਧਾਰਾਵਾਂ, ਜਿਵੇਂ ਅਖਾਣ, ਮੁਹਾਵਰੇ, ਬੁਝਾਰਤਾਂ ਆਦਿ ਸ਼ਾਮਲ ਹਨ। ਡਾ. ਸਤੇਂਦ੍ਰ ਨੇ ਲੋਕ ਸਾਹਿਤ ਦੇ ਤੱਤਾਂ ਨੂੰ ਭਾਸ਼ਾ, ਛੰਦ, ਪ੍ਰਤਿਪਾਦਕ ਅਤੇ ਪ੍ਰਤਿਪਾਦਯ ਚਾਰ ਵਰਗਾਂ ਵਿਚ ਵੰਡਿਆ ਹੈ। ਵਿਸ਼ਿਸ਼ਟ ਸਾਹਿਤ ਦੀ ਸਿਰਜਨਾ ਵਿਚ ਲੋਕਧਾਰਾ ਦੇ ਸਾਰੇ ਖੇਤਰਾਂ ਵਿਚ ਲੋਕ ਸਾਹਿਤ ਦੇ ਭਿੰਨ ਭਿੰਨ ਅੰਗਾਂ ਦੇ ਭਾਗ ਸਭ ਨਾਲੋਂ ਵਧੇਰੇ ਪ੍ਰਗਟ ਹੁੰਦਾ ਹੈ। ਲੋਕ ਸਾਹਿਤ ਵਿਸ਼ਿਸ਼ਟ ਸਾਹਿਤ ਦੀ ਸਿਰਜਨਾ ਲਈ ਅਧਾਰ ਦਾ ਕੰਮ ਦਿੰਦਾ ਹੈ। ਅਤੇ ਸਾਹਿਤਕਾਰ ਇਸ ਦੇ ਵਸਤੂ ਤੋਂ ਪ੍ਰਤੀਕ ਲੈ ਕੇ ਉਸ ਨੂੰ ਸਾਹਿਤ ਰਚਨਾ ਦਾ ਆਧਾਰ ਬਣਾਉਂਦੇ ਹਨ। ਕੋਈ ਵੀ ਭਾਸ਼ਾ ਜਿਸ ਪ੍ਰਕਾਰ ਲੋਕ ਬੋਲੀ ਰਾਹੀਂ ਵਿਕਸਿਤ ਹੁੰਦੀ ਹੈ, ਉਸੇ ਤਰ੍ਹਾਂ ਵਿਸ਼ਿਸ਼ਟ ਸਾਹਿਤ ਦਾ ਨਿਰਮਾਣ ਲੋਕ ਸਾਹਿਤ ਦੁਆਰਾ ਹੁੰਦਾ ਹੈ।

ਲੋਕ ਕਲਾ ਦੇ ਤੱਤਾ ਦਾ ਘੇਰਾ ਬਹੁਤ ਵਿਸਤ੍ਰਿਤ ਹੈ। ਇਸ ਵਿਚ ਲੋਕ ਚਿਤਰਕਾਰੀ, ਲੋਕ ਨ੍ਰਿਤ, ਲੋਕ ਮੂਰਤੀਕਾਰੀ ਅਤੇ ਲੋਕ ਸੰਗੀਤ ਆਦਿ ਹਰ ਕਲਾ ਦੇ ਤੱਤ ਪਾਏ ਜਾਂਦੇ ਹਨ। ਵਿਸ਼ਿਸ਼ਟ ਸਾਹਿਤ ਨੂੰ ਪ੍ਰਭਾਵਿਤ ਕਰਨ ਵਿਚ ਲੋਕ ਸਾਹਿਤ ਦੀਆਂ ਧਾਰਨਾਵਾਂ, ਲੋਕ ਚਿੱਤਰਾਂ ਦੇ ਪ੍ਰਤੀਕ, ਲੋਕ ਨਾਚਾਂ ਅਤੇ ਲੋਕ ਨਾਟਕਾਂ ਦੀਆਂ ਰੂੜ੍ਹੀਆਂ ਹਿੱਸਾ ਪਾਉਂਦੀਆਂ ਹਨ।

ਸਾਹਿਤਕਾਰ ਆਪਣੀਆਂ ਰਚਨਾਵਾਂ ਵਿਚ, ਸਮਾਜਕ ਜੀਵਨ ਵਿਚ ਉਪਲੱਬਧ ਆਚਾਰ, ਵਿਚਾਰ, ਵਿਵਹਾਰ, ਸੰਸਕਾਰ, ਵਰਤ, ਉਸਤਵ, ਭਿੰਨ ਭਿੰਨ ਰਹੁ-ਰੀਤਾਂ, ਪ੍ਰਥਾਵਾਂ ਅਤੇ ਸੰਸਥਾਵਾਂ ਦਾ ਉਲੇਖ ਕਰਦੇ ਹਨ। ਸਾਹਿਤ ਦਾ ਜੀਵਨ ਨਾਲ ਬਹੁਤ ਨੇੜੇ ਦਾ ਸੰਬੰਧ ਹੈ, ਇਸੇ ਕਾਰਨ ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਕਿਹਾ ਗਿਆ ਹੈ। ਲੋਕਧਾਰਾ ਜੀਵਨ ਦਾ ਪਰਿਰੂਪ ਹੈ। ਇਸ ਪ੍ਰਕਾਰ ਕੋਈ ਵੀ ਲੇਖਕ ਲੋਕਧਾਰਾ ਦੇ ਪ੍ਰਭਾਵ ਤੋਂ ਅਭਿੱਜ ਨਹੀਂ ਰਹਿ ਸਕਦਾ। ਲੋਕਧਾਰਾ ਦੇ ਸਾਰੇ ਖੇਤਰ ਵਿਸ਼ਿਸ਼ਟ ਸਾਹਿਤ ਦੀ ਸਿਰਜਣਾ ਵਿਚ ਸਹਿਯੋਗ ਦਿੰਦੇ ਹਨ।

ਲੋਕ ਜੀਵਨ ਨੂੰ ਅਭਿਵਿਅਕਤ ਕਰਨ ਲਈ ਅਨੁਸ਼ਠਾਨ ਦੇ ਨਾਲ ਹੀ ਲੋਕਧਾਰਾ ਦੇ ਪਿੱਛੇ ਸਮੂਹਿਕ ਵਿਸ਼ਵਾਸਾਂ ਦੀ ਮਨੋਵਿਗਿਆਨਕ ਅਤੇ ਪਰੰਪਰਾਵਾਂ ਦੀ ਇਤਿਹਾਸਕ ਪ੍ਰਿਸ਼ਠਭੂਮੀ ਹੁੰਦੀ ਹੈ, ਜੋ ਮਾਨਵ ਦੇ ਅੰਗਾਂ ਵਿਚ ਪ੍ਰਵਿਰਤ ਹੋਣ ਨਾਲ ਲੋਕ-ਚਿਤਰ ਨੂੰ ਪ੍ਰਭਾਵਿਤ ਕਰਦੀ ਹੈ।[1] ਹਰ ਵਿਸ਼ਵਾਸ ਆਪਣੇ ਆਪ ਵਿਚ ਲੋੜ ਤੱਤ ਹੈ। ਵਿਸ਼ਿਸ਼ਟ ਸਾਹਿਤ ਵਿਚ ਅਨੇਕਾਂ ਅਜਿਹੇ ਵਿਸ਼ਵਾਸਾਂ ਦਾ ਉਲੇਖ ਮਿਲਦਾ ਹੈ ਜੋ ਲੋਕ-ਜੀਵਨ ਵਿਚ ਵਿਦਮਾਨ ਹਨ। ਇਹ ਵਿਸ਼ਵਾਸ ਜਨਮ ਤੋਂ ਲੈ ਕੇ ਮੌਤ ਤੱਕ ਮਨੁੱਖੀ ਜੀਵਨ ਦੇ ਹਰ ਪੱਖ ਬਾਰੇ ਹਨ। ਲਿਖਿਤ ਸਾਹਿਤ ਵਿਚ ਲੋਕ ਜੀਵਨ ਨਾਲ ਸੰਬੰਧਤ ਮਨੋਰੰਜਨ ਸਮੱਗਰੀ ਦਾ ਉਲੇਖ ਵੀ ਮਿਲਦਾ ਹੈ। ਭਿੰਨ ਭਿੰਨ ਜਾਤੀਆਂ ਅਤੇ ਉਨ੍ਹਾਂ ਦੇ ਧੰਦਿਆਂ ਦਾ ਜ਼ਿਕਰ ਵੀ ਹੈ। ਲੋਕ ਮਨੋਰੰਜਨ, ਲੋਕ ਧੰਦੇ, ਲੋਕ ਸ਼ਬਦ ਨਿਰਮਾਣ ਅਤੇ ਲੋਕ ਬੋਲੀ ਆਦਿ ਹਰ ਖੇਤਰ ਦੇ ਅਨੇਕਾਂ ਤੱਤ ਅਜਿਹੇ ਹਨ, ਜਿਨ੍ਹਾਂ ਨੂੰ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਦਾ ਆਧਾਰ ਬਣਾਇਆ ਹੈ।

ਸਪਸ਼ਟ ਹੈ ਕਿ ਲੋਕਧਾਰਾ ਵਿਸ਼ਿਸ਼ਟ ਸਾਹਿਤਕ ਰਚਨਾਵਾਂ ਨੂੰ ਜਨਮ ਦਿੰਦੀ ਹੈ, ਸਿਰਜਨਾਤਮਕ ਲਿਖਤਾਂ ਬਾਰੇ ਨਵੀਂ ਸੂਝ ਨੂੰ ਉਤੇਜਿਤ ਕਰਦਾ ਹੈ ਅਤੇ ਵਿਸ਼ਿਸ਼ਟ ਸਾਹਿਤ ਨੂੰ ਆਪਣੇ ਵਿਸਤ੍ਰਿਤ ਭੰਡਾਰ ਵਿਚ ਸਮੱਗਰੀ ਦੇ ਕੇ ਅਮੀਰ ਬਣਾਉਂਦਾ ਹੈ।[2] ਹਰ ਕਾਲ ਅਤੇ ਯੁੱਗ ਦੇ ਵਿਸ਼ਿਸ਼ਟ ਸਾਹਿਤ ਵਿਚ ਲੋਕਧਾਰਾ ਦਾ ਸੰਚਾਰ ਉਸੇ ਪ੍ਰਕਾਰ ਮਿਲਦਾ ਹੈ, ਜਿਸ ਪ੍ਰਕਾਰ ਪੂਰਵਜ਼ਾਂ ਦਾ ਰਕਤ ਉਨ੍ਹਾਂ ਦੀ ਸੰਤਾਨ ਵਿਚ ਮਿਲਦਾ ਹੈ ਕਿਉਂਕਿ ਲੋਕ ਮਾਨਸ ਆਪਣੇ ਆਦਿਮ ਮਾਨਸ ਸੰਸਕਾਰਾਂ ਦਾ ਤਿਆਗ ਨਹੀਂ ਕਰਦਾ।[3]

ਸਾਹਿਤ ਵਿਚ ਲੋਕਧਾਰਾ ਦੇ ਤੱਤਾਂ ਨੂੰ ਉਘਾੜਨ ਲਈ ਇਕ ਸਾਧਾਰਨ ਕਸਵੱਟੀ ਇਹ ਵਰਤੀ ਜਾ ਸਕਦੀ ਹੈ ਕਿ ਲੋਕਧਾਰਾ ਦੇ ਬਾਹਰੀ ਲੱਛਣ ਕਿਸ ਹੱਦ ਤਕ ਵਿਸ਼ਿਸ਼ਟ ਸਾਹਿਤ ਵਿਚ ਉਪਲੱਬਧ ਹਨ।[4] ਪਰ ਇਹ ਸਬੰਧ ਨਿਰੋਲ ਬਾਹਰਮੁਖੀ ਲੱਛਣਾਂ ਤੱਕ ਹੀ ਸੀਮਤ ਨਹੀਂ ਹੁੰਦਾ ਸਗੋਂ ਅੰਤਰਮੁਖੀ ਵੀ ਹੈ।

ਹੋਫਮੈਨ ਨੇ ਲੋਕ ਮਾਰਗ ਦੀ ਜਾਣਕਾਰੀ, ਲੋਕ ਕਥਾਵਾਂ ਅਥਵਾ ਲੰਮੀਆਂ ਕਹਾਣੀਆਂ, ਜਿਨ੍ਹਾਂ ਨੂੰ ਲੇਖਕ ਆਪਣੀਆਂ ਰਚਨਾਵਾਂ ਲਈ ਵਰਤ ਲੈਂਦੇ ਹਨ ਅਤੇ ਸਮੱਗਰੀ ਦਾ ਚਿੰਨ੍ਹਾਂ ਦੁਆਰਾ ਪ੍ਰਯੋਗ ਆਦਿ ਪੱਖਾਂ ਬਾਰੇ ਦਸਦਿਆਂ ਹੋਇਆਂ ਕਿਸੇ ਲੋਕ ਤੱਤ ਨੂੰ ਸਾਹਿਤ ਵਿਚ ਵਰਤਣ ਦੇ ਤਿੰਨ ਢੰਗ[5] ਦਰਸਾਏ ਹਨ :-

(ੳ) ਉਸ ਦਾ ਉਦੇਸ਼ ਅਤੇ ਰੂਪ ਉਸੇ ਪ੍ਰਕਾਰ ਰਹੇ।

(ਅ) ਪਰੰਪਰਾਗਤ ਰੂਪ ਸਥਾਈ ਰਹੇ, ਇਸ ਦਾ ਕਰਤੱਵ ਮੌਖਿਕ ਰੂਪ ਵਿਚ ਭਾਵੇਂ ਖ਼ਤਮ ਹੋ ਚੁੱਕਾ ਹੋਵੇ

(ੲ) ਰੂਪ ਨੂੰ ਬਦਲ ਕੇ ਅੰਤਰਮੁਖੀ ਭਾਵ ਨੂੰ ਅਭਿਵਿਅਕਤ ਕਰੇ।

ਉਪਰੋਕਤ ਦੋਹਾਂ ਵਿਦਵਾਨਾਂ ਨਾਲੋਂ ਬੈਨਿਟ (Bannot) ਦੁਆਰਾ ਲੋਕਧਾਰਾਈ ਸਮੱਗਰੀ ਦੀ ਸਾਹਿਤਕ ਰਚਨਾਵਾਂ ਲਈ ਵਰਤੋਂ ਦੀਆਂ ਵਿਧੀਆਂ ਨੂੰ ਵਧੇਰੇ ਭਾਵਪੂਰਤ ਢੰਗ ਨਾਲ ਦਰਸਾਇਆ ਗਿਆ ਹੈ।[6] ਬੈਨਿਟ ਦੇ ਦੱਸੇ ਢੰਗਾਂ ਵਿਚ ਸੋਧ ਕਰਕੇ ਸਾਹਿਤ ਦੀ ਸਿਰਜਨਾ ਦੇ ਲੋਕਧਾਰੀ ਸਿੱਧਾਂਤ ਦੇ ਹੇਠ ਲਿਖੇ ਅੰਗ ਨਿਸ਼ਚਿਤ ਕੀਤੇ ਜਾ ਸਕਦੇ ਹਨ :

(ੳ) ਲੋਕਧਾਰਾਈ ਸਮੱਗਰੀ ਦਾ ਸਾਹਿਤਕ ਰਚਨਾਵਾਂ ਲਈ ਸਿੱਧੇ ਰੂਪ ਵਿਚ ਪ੍ਰਯੋਗ।

(ਅ) ਲੋਕਧਾਰਾਈ ਸਮੱਗਰੀ ਦੀ ਬਦਲਵੇਂ ਰੂਪ ਵਿਚ ਵਰਤੋਂ।

(ੲ) ਲੋਕਧਾਰਾਈ ਸਮੱਗਰੀ ਦਾ ਸੰਕੇਤ ਅਥਵਾ ਪ੍ਰਤੀਕ ਰੂਪ ਵਿਚ ਉਲੇਖ।

(ਸ) ਲੋਕ ਰੂੜ੍ਹੀਆਂ (Folk motifs) ਦੀ ਵਰਤੋਂ।

ਸਾਹਿਤ ਵਿਚ ਲੋਕਧਾਰਾਈ ਸਮੱਗਰੀ ਦੀ ਹੂਬਹੂ ਵਰਤੋਂ ਬਾਰੇ ਬੈਨਿਟ ਦਾ ਇਹ ਮੱਤ ਦਰੁਸਤ ਨਹੀਂ ਕਿ ਲੋਕਧਾਰਾ ਦੇ ਕੁਝ ਭਾਗ ਇਕੱਠੇ ਕਰਕੇ ਪ੍ਰਕਾਸ਼ਿਤ ਕਰ ਦੇਣ ਨਾਲ ਵਿਸ਼ਿਸ਼ਟ ਸਾਹਿਤ ਬਣ ਜਾਂਦਾ ਹੈ। 'ਪੰਚ-ਤੰਤਰ' 'ਬੇਤਾਲ ਪਚੀਸੀ' ਆਦਿ ਲੋਕ ਕਹਾਣੀਆਂ ਦੇ ਗ੍ਰੰਥ ਅਤੇ ਲੋਕ ਗੀਤਾਂ, ਬੁਝਾਰਤਾਂ, ਅਖੌਤਾਂ ਅਤੇ ਮੁਹਾਵਰਿਆਂ ਦੇ ਸੰਗ੍ਰਹਿ, ਲੋਕ ਸਾਹਿਤ ਦੇ ਰੂਪ ਵਿਚ ਲੋਕਧਾਰਾਈ ਸਮੱਗਰੀ ਦਾ ਲਿਪੀਬੱਧ ਰੂਪ ਹਨ, ਵਿਸ਼ਿਸ਼ਟ ਸਾਹਿਤ ਨਹੀਂ। ਕਹਿਣ ਦਾ ਭਾਵ ਇਹ ਹੈ ਕਿ ਅਜਿਹੀਆਂ ਰਚਨਾਵਾਂ ਲੋਕਧਾਰਾ ਦਾ ਅੰਗ ਹੀ ਰਹਿੰਦੀਆਂ ਹਨ। ਵਾਸਤਵ ਰੂਪ ਵਿਚ ਸਾਹਿਤਕਾਰ ਲੋਕ-ਸਮੂਹ ਦੇ ਗਿਆਨ ਨੂੰ, ਜੋ ਉਸਨੇ ਸਮਾਜ, ਸਭਿਆਚਾਰ, ਭੂਗੋਲ ਜਾਂ ਕੰਮਾਂ ਧੰਦਿਆਂ ਦੁਆਰਾ ਪ੍ਰਾਪਤ ਕੀਤਾ ਹੁੰਦਾ ਹੈ, ਆਪਣੀਆਂ ਰਚਨਾਵਾਂ ਵਿਚ ਸ਼ਾਮਲ ਕਰ ਲੈਂਦੇ ਹਨ। ਪੌਰਾਣ ਕਥਾਵਾਂ ਅਤੇ ਲੋਕ ਕਥਾਵਾਂ ਦੇ ਪਲਾਟ, ਘਟਨਾਵਾਂ ਅਤੇ ਪਾਤਰ ਸਿੱਧੇ ਰੂਪ ਵਿਚ ਸਾਹਿਤਕ ਰਚਨਾਵਾਂ ਦਾ ਆਧਾਰ ਬਣਦੇ ਹਨ। ਲੋਕ ਸਮੂਹ ਦਾ ਗਿਆਨ ਜੋ ਲੋਕ ਜੀਵਨ ਵਿਚੋਂ ਪ੍ਰਾਪਤ ਹੁੰਦਾ ਹੈ ਅਤੇ ਵਿਸ਼ਵਾਸ, ਅਖੌਤਾਂ ਦੇ ਮੁਹਾਵਰੇ ਆਦਿ ਬਿਨਾਂ ਕਿਸੇ ਤਬਦੀਲੀ ਦੇ ਸਾਹਿਤਕਾਰਾਂ ਦੀਆਂ ਰਚਨਾਵਾਂ ਵਿਚ ਦਿਸ ਆਉਂਦੇ ਹਨ। ਸੈਕਸਪੀਅਰ ਦੇ ਪ੍ਰਸਿੱਧ ਨਾਟਕ ''ਹੈਮਲਿਟ'' ਵਿਚ ''ਭੂਤ'', ''ਮੈਕਥਿਥ'' ਵਿਚ ''ਚੜੇਲਾ'' ਅਤੇ ਗੁਰੂ ਗੋਬਿੰਦ ਸਿੰਘ ਦੀ ਰਚਨਾ 'ਵਾਰ ਸ੍ਰੀ ਭਗਉਤੀ ਜੀ ਕੀ' ਵਿਚ ਦੈਵੀ ਦੇਵਤਿਆਂ ਅਤੇ ਦੈਂਤਾਂ ਦਾ ਯੁੱਧ ਇਸ ਪੱਖ ਤੋਂ ਠੀਕ ਉਦਾਹਰਣ ਹਨ। ਲੋਕਧਾਰਾਈ ਸਮੱਗਰੀ ਲੋਕ ਸਮੂਹ ਦਾ ਪਰੰਪਰਾਗਤ ਵਿਰਸਾ ਹੈ। ਸਾਹਿਤਕਾਰ ਵੀ ਲੋਕ-ਸਮੂਹ ਦਾ ਇਕ ਵਿਸ਼ੇਸ਼ ਅੰਗ ਹੈ। ਸਾਹਿਤਕਾਰ ਆਪਣੇ ਵਿਰਸੇ ਵਿਚੋਂ ਪੂੰਜੀ ਲੈ ਕੇ ਜਦ ਅਜਿਹੀ ਸਮੱਗਰੀ ਨੂੰ ਆਪਣੀ ਰਚਨਾ ਦਾ ਆਧਾਰ ਬਣਾਉਂਦਾ ਹੈ ਤਾਂ ਉਹ ਨਕਲ ਨਹੀਂ ਰਹਿੰਦੀ। ਉਸ ਦੇ ਵਿਅਕਤਿਤਵ ਦੀ ਮੁਹਰ-ਛਾਪ ਅਜਿਹੀ ਰਚਨਾ ਉਤੇ ਲੱਗੀ ਸਾਫ਼ ਦਿਸ ਆਉਂਦੀ ਹੈ।

ਸਾਹਿਤਕਾਰ ਲੋਕਧਾਰਾ ਦੀ ਸਮੱਗਰੀ ਨੂੰ ਨਵਾਂ ਰੂਪ ਦੇ ਕੇ ਆਪਣੀਆਂ ਰਚਨਾਵਾਂ ਦਾ ਆਧਾਰ ਬਣਾਉਂਦਾ ਹੈ। ਉਹ ਪਰਖੇ ਹੋਏ ਪਲਾਟਾਂ, ਢਾਂਚਿਆਂ ਘਟਨਾਵਾਂ ਅਤੇ ਪਾਤਰਾਂ ਵਿਚ ਥੋੜ੍ਹੀ ਤਬਦੀਲੀ ਕਰਕੇ ਆਪਣੇ ਅਭਿਆਸ ਦੁਆਰਾ ਉਨ੍ਹਾਂ ਨੂੰ ਰੂਪ ਦਿੰਦਾ ਹੈ। ਲੋਕਗੀਤਾਂ ਦੇ ਕਈ ਰੂਪ ਅਤੇ ਕਹਾਣੀਆਂ ਦੇ ਅਣਗਿਣਤ ਕਥਾਨਕ ਸਾਹਿਤਕਾਰਾਂ ਦੇ ਹੱਕ ਵਿਚ ਆ ਕੇ ਨਵੇਂ ਉਦੇਸ਼ ਪ੍ਰਾਪਤ ਕਰਦੇ ਹਨ, 'ਰਾਮਾਇਣ' ਅਤੇ 'ਮਹਾਂਭਾਰਤ' ਦੇ ਮੂਲ ਤੱਥ ਲੋਕਧਾਰਾ ਵਿਚੋਂ ਲਏ ਗਏ ਹਨ। 'ਰਾਮਾਇਣ' ਮੂਲ ਰੂਪ ਵਿਚ ਛੋਟੇ ਆਕਾਰ ਦੀ ਬੀਰ ਗਾਥਾ ਹੀ ਸੀ ਅਤੇ 'ਮਹਾਭਾਰਤ' ਵੀ ਲੋਕ ਪ੍ਰਚੱਲਿਤ ਬੀਰ ਗਾਥਾਵਾਂ ਅਤੇ ਧਰਮ ਗਾਥਾਵਾਂ ਤੋਂ ਉਤਪੰਨ ਹੋਈ ਸੀ।[7] ਕਿੱਸਾ ਕਵੀਆਂ ਨੇ 'ਹੀਰ ਰਾਂਝਾ', 'ਸੱਸੀ ਪੁਨੂੰ, ਸੋਹਣੀ ਮਹੀਵਾਲ ਆਦਿ ਕਹਾਣੀਆਂ ਦੇ ਕਥਾਨਕ ਲੋਕਧਾਰਾ ਵਿਚੋਂ ਲੈ ਕੇ ਆਪਣੀ ਨਿੱਜੀ ਪ੍ਰਤਿਭਾ ਦੁਆਰਾ ਇਨ੍ਹਾਂ ਨੂੰ ਕਿੱਸਿਆਂ ਦੇ ਵਿਚ ਗੁੰਦਿਆਂ। ਨਜ਼ਾਬਤ ਰਚਿਤ 'ਨਾਦਰਸ਼ਾਹ ਦੀ ਵਾਰ' ਵਿਚ 'ਕਲਾ' ਅਤੇ ਸੰਤ ਸਿੰਘ ਦੇ ਨਾਟਕ 'ਕਲਾਕਾਰ' ਵਿਚ ਗੌਤਮ, ਇੰਦਰ, ਅਹੱਲਿਆ ਅਤੇ ਚੰਦਰਮਾਂ ਆਦਿ ਪਾਤਰ ਪੌਰਾਣਿਕ ਪ੍ਰਿਸ਼ਠ ਭੂਮੀ ਰਖਦਿਆਂ ਹੋਇਆ ਵੀ ਸਾਹਿਤਕਾਰਾਂ ਦੁਆਰਾ ਨਵੀਆਂ ਪ੍ਰਸਥਿਤੀਆਂ ਨੂੰ ਗ੍ਰਹਿਣ ਕਰਦੇ ਹਨ। ਭਗਤਾਂ ਦੀਆਂ ਜੀਵਨੀਆਂ ਅਤੇ ਗੁਰੂ ਸਾਹਿਬਾਨ ਸੰਬੰਧੀ ਲਿਖੀਆਂ ਗਈਆਂ ਜਨਮ ਸਾਖੀਆਂ ਵਿਚ ਲੋਕਧਾਰਾ ਦੀ ਬਦਲਵੇਂ ਰੂਪ ਵਿਚ ਚੋਖੀ ਮਾਤਰਾ ਵਿਚ ਵਰਤੋਂ ਦੇਖਣ ਵਿਚ ਆਉਂਦੀ ਹੈ।

ਲੋਕਧਾਰਾ ਵਿਚ ਸਮੱਗਰੀ ਲੈ ਕੇ ਉਸ ਦਾ ਪ੍ਰਤੀਕਾਂ ਦੁਆਰਾ ਸਾਹਿਤ ਵਿਚ ਪ੍ਰਯੋਗ ਅਰਥ-ਵਿਅੰਜਨਾ 'ਤੇ ਆਧਾਰਤ ਹੈ। ਸਾਹਿਤਕ ਰਚਨਾਵਾਂ ਵਿਚ ਲੋਕਧਾਰਾ ਦੀ ਸਮੱਗਰੀ ਵਿਚੋਂ ਲਏ ਗਏ ਪ੍ਰਤੀਕਾਂ ਦੀ ਮਾਤਰਾ ਬਹੁਤ ਵੱਧ ਹੈ। ਰਾਂਝਾ, ਹੀਰ ਦਾ ਪ੍ਰੇਮ ਦੇ ਰੂਪ ਵਿਚ ਆਧਾਰ ਤੱਥ ਹੈ ਪਰੰਤੂ 'ਪਰਮਾਤਮਾ' ਦੇ ਰੂਪ ਵਿਚ ਉਸ ਦਾ ਉਪਯੋਗ ਇਸ ਦਾ ਗ੍ਰਹਿਤ ਰੂਪ ਹੈ। 'ਆਦਿ-ਗ੍ਰੰਥ' ਵਿਚ ਪਿਤਾ, ਕੰਤ, ਸਾਜਨ, ਸਾਗਰ, ਪਾਤਸ਼ਾਹ ਆਦਿ ਪ੍ਰਤੀਕਾਂ ਦਾ ਗ੍ਰਹਿਤ ਰੂਪ 'ਪਰਮਾਤਮਾ' ਹੈ ਅਤੇ ਪੰਛੀ ਪਰਦੇਸੀ, ਪ੍ਰਾਣੀ ਦਾ। ਮਨੁੱਖ ਦਾ 'ਆਤਮਾ'[8] ਪ੍ਰਤੀਕ ਸਦਾ ਠੋਸ ਮਾਨਸਿਕ ਭਾਵਾਂ ਨੂੰ ਅਭਿਵਿਅਕਤ ਕਰਦੇ ਹਨ। ਲੋਕ ਵਿਸ਼ਵਾਸ, ਰਹੁ ਰੀਤਾਂ ਅਤੇ ਚੰਗੇ ਤੇ ਮੰਦੇ ਨਸੀਬਾਂ ਦਾ, ਪ੍ਰਤੀਕਾਂ ਦੀ ਦ੍ਰਿਸ਼ਟੀ ਤੋਂ ਖ਼ਾਸ ਮਹੱਤਵ ਹੈ। ਜਨਮ, ਵਿਆਹ ਅਤੇ ਮੌਤ ਦੇ ਵਿਸ਼ਿਆਂ ਨਾਲ ਪ੍ਰਤੀਕਾਂ ਦੀ ਲੰਮੀ ਸੰਖਿਆ ਜੁੜੀ ਹੋਈ ਹੈ, ਜੋ ਸਾਹਿਤਕ ਰਚਨਾਵਾਂ ਵਿਚ ਵੀ ਉਪਲੱਬਤ ਹੈ। ਸਾਹਿਤਕਾਰ ਲੋਕਧਾਰਾ ਦੀ ਸਮੱਗਰੀ ਵਿਚੋਂ ਲਏ ਗਏ ਪ੍ਰਤੀਕਾਂ ਦੁਆਰਾ, ਅੰਤਰਮੁਖੀ ਭਾਵਨਾ ਨੂੰ ਪ੍ਰਗਟਾਉਂਦੇ ਹਨ।

ਸਾਹਿਤ ਦਾ ਲੋਕਧਾਰਾਈ ਅਧਿਐਨ, ਸਾਹਿਤਕ ਰਚਨਾਵਾਂ ਵਿਚ ਉਪਲੱਬਧ ਰੂੜ੍ਹੀਆਂ ਦੁਆਰਾ ਸਪਸ਼ਟ ਹੋ ਜਾਂਦਾ ਹੈ। 'ਰੂੜ੍ਹੀ' ਅੰਗਰੇਜ਼ੀ ਸ਼ਬਦ ਮੋਟਿਫ਼ (motifs) ਦਾ ਪੰਜਾਬੀ ਪਰਿਆਇ ਹੈ। ਜਿਸ ਦੇ ਅਰਥ ਅਜਿਹੇ ਭਾਵ ਤੋਂ ਹਨ, ਜਿਸ

ਦਾ ਪ੍ਰਭਾਵ ਸੁਤੰਤਰ ਦਿਖਾਈ ਦਿੰਦਾ ਹੈ। ਲੋਕਧਾਰਾ ਦੇ ਹਰ ਵਰਗ ਵਿਚ ਇਹ ਰੂੜ੍ਹੀਆਂ ਪਾਈਆਂ ਜਾਂਦੀਆਂ ਹਨ, ਲੋਕ ਚਿੱਤਰਕਾਰੀ ਵਿਚ ਰੂਪ ਰੇਖਾ ਦੇ ਮੋਟਿਫ਼, ਕਹਾਣੀਆਂ ਵਿਚ ਕਥਾਨਕ, ਰੂੜ੍ਹੀਆਂ ਅਤੇ ਸੰਗੀਤ ਆਦਿ ਵਿਚ ਵੀ ਅਭ੍ਰਿਪਾਇ ਹੁੰਦੇ ਹਨ। ਮਤਰੇਈ ਮਾਂ, ਨਿਰਦਈ ਸੱਸ, ਗੰਗਾ ਰਾਮ, 12 ਸਾਲ, 360 ਸਹੇਲੀਆਂ, ਜਾਦੂ ਦੀ ਟੋਪੀ ਜਾਂ ਡੰਡਾ, ਹੁਸੀਨ ਪਰੀਆਂ, ਯੋਗੀ, ਹਵਾ ਵਿਚ ਉਡਣ ਵਾਲਾ ਘੋੜਾ, ਲਿੰਗ ਪਰਿਵਰਤਨ, ਪਸ਼ੂ ਪੰਛੀਆਂ ਦਾ ਬੋਲਣਾ ਆਦਿ ਅਨੇਕਾਂ ਰੂੜ੍ਹੀਆਂ ਅਜਿਹੀਆਂ ਹਨ ਜੋ ਸਾਹਿਤਕ ਰਚਨਾਵਾਂ ਵਿਚ ਵੀ ਵਿਦਮਾਨ ਹਨ। ਲੋਕ ਸਾਹਿਤ ਤੋਂ ਇਲਾਵਾ ਵਿਸ਼ਵਾਸਾਂ ਅਤੇ ਅਨੁਸ਼ਠਾਨਾਂ ਵਿਚ ਵੀ ਅਣਗਿਣਤ ਅਭਿਪ੍ਰਾਇ ਹਨ। ਜਾਦੂ ਟੂਣੇ, ਮੰਤਰ, ਤੀਰਥ ਯਾਤਰਾ, ਪੂਛਲ ਵਾਲੇ ਤਾਰੇ ਨਾਲ ਜੁੜੀ ਹੋਈ ਕਿਸਮਤ ਆਦਿ ਰੂੜ੍ਹੀਆਂ ਅਜਿਹੀਆਂ ਹੀ ਹਨ। ਗੰਗਾ, ਜਮਨਾ, ਰਾਮ, ਕ੍ਰਿਸ਼ਨ ਅਤੇ ਬ੍ਰਹਮਾ ਆਦਿ ਅਜਿਹੀਆਂ ਰੂੜ੍ਹੀਆਂ ਹਨ ਜੋ ਸਾਡੀ ਧਾਰਮਕ ਮਰਯਾਦਾ ਤੋਂ ਉਤਪੰਨ ਹੋਈਆ ਹਨ।

ਲੋਕਧਾਰਾ ਦੀ ਸਮੱਗਰੀ ਨੂੰ ਸਾਹਿਤ ਵਿਚ ਬੁਣਨ ਦੀ ਵਿਧੀ ਸੁਚੇਤ ਅਤੇ ਅਚੇਤ ਦੋਹਾਂ ਹਾਲਤਾਂ ਵਿਚ ਹੁੰਦੀ ਹੈ। ਸਾਹਿਤਕਾਰ ਸ਼ਬਦਾਂ ਦੁਆਰਾ ਆਪਣੇ ਭਾਵਾਂ ਅਤੇ ਕਲਪਨਾਵਾਂ ਨੂੰ ਦਰਸਾਉਣ ਦੇ ਨਾਲ-ਨਾਲ ਲੋਕ ਸਮੱਗਰੀ ਜਿਹੀ ਵਿਸਤ੍ਰਿਤ ਵਸਤੂ ਦੀ ਵਰਤੋਂ ਕਰਦੇ ਹਨ।[9] ਸਾਹਿਤਕਾਰਾਂ ਦੁਆਰਾ ਲੋਕਧਾਰਾ ਦੀ ਵਰਤੋਂ ਨਵੀਆਂ ਬੋਤਲਾਂ ਵਿਚ ਪੁਰਾਣੀ ਸ਼ਰਾਬ ਨਹੀਂ, ਸਗੋਂ ਪ੍ਰਾਚੀਨਤਾ ਦਾ ਨਵੀਨੀਕਰਨ ਹੈ। ਗੁਰੂ ਸਾਹਿਬਾਨ ਅਤੇ ਸੂਫ਼ੀ ਕਵੀਆਂ ਨੇ ਪੁਰਾਣੇ ਕਾਵਿ-ਭੇਦਾਂ ਵਿਚ ਨਵੇਂ ਵਿਚਾਰਾਂ ਨੂੰ ਅਭਿਵਿਅਕਤ ਕੀਤਾ ਹੈ। ਕਿੱਸਾ ਕਵੀਆਂ ਨੇ ਲੋਕ ਕਥਾਨਕ ਲੈ ਕੇ ਉਨ੍ਹਾਂ ਵਿਚ ਨਵੀਨਤਾ ਲਿਆਂਦੀ ਹੈ।

ਲੋਕਧਾਰਾ ਹਰ ਯੁੱਗ ਅਤੇ ਹਰ ਭਾਸ਼ਾ ਦੇ ਸਾਹਿਤ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਿਤ ਕਰਦੀ ਆਈ ਹੈ। ਯੂਨਾਨੀ 'ਇਲੀਅਡ' ਤੇ 'ਉਡੀਸੀ' ਅਤੇ ਭਾਰਤ ਦੀਆਂ 'ਰਾਮਾਇਣ' ਅਤੇ 'ਮਹਾਂਭਾਰਤ' ਆਦਿ ਰਚਨਾਵਾਂ ਨੂੰ ਲੋਕ-ਮਹਾਂਕਾਵਾਂ ਵਿਚ ਸ਼ਾਮਲ ਕੀਤਾ ਜਾਂਦਾ ਹੈ। ਲੱਗਭਗ ਹਰ ਭਾਸ਼ਾ ਦੇ ਪੁਰਾਣੇ ਸਾਹਿਤ ਦੀਆਂ ਲੋਕ-ਪ੍ਰਿਯ ਗਾਥਾਵਾਂ (ਵਾਰਾਂ) ਅਤੇ ਮਹਾਂਕਾਵਿ ਲੋਕਧਾਰਾ ਤੋਂ ਹੀ ਪ੍ਰਭਾਵਿਤ ਹੋਏ ਹਨ। ਸ਼ਕੁੰਤਲਾ (ਕਾਲੀਦਾਸ), ਪੈਰਡਾਈਜ਼ ਲੋਸਟ (ਮਿਲਟਨ), ਫਰਾਊਸਟ (ਗੈਟੇ), ਹੈਮਲਿਟ, ਮੈਕਬੈਥ ਅਤੇ ਕਿੰਗ ਲੀਅਰ (ਸੈਕਸ਼ਪੀਅਰ) ਆਦਿ ਪ੍ਰਸਿੱਧ ਰਚਨਾਵਾਂ ਲੋਕਧਾਰਾਈ ਵਿਚ ਤੱਤਾਂ ਦੀ ਭਰਮਾਰ ਹੈ। ਇਨ੍ਹਾਂ ਦੇ ਨਿਰਮਾਣ ਵਿਚ ਸਾਹਿਤਕਾਰਾਂ ਨੇ ਭਿੰਨ-ਭਿੰਨ ਵਹਿਮਾਂ, ਅੰਧ ਵਿਸ਼ਵਾਸਾਂ, ਅਨੁਸ਼ਠਾਨਾਂ ਅਤੇ ਲੋਕ ਰੂੜ੍ਹੀਆਂ ਨੂੰ ਥਾਂ ਦਿੱਤੀ ਹੋਈ ਹੈ। ਸਾਹਿਤਕਾਰ ਲੋਕ-ਵਿਰਸੇ ਨੂੰ ਇਕ ਸਰਵ-ਵਿਆਪਕ ਗੁਣ ਵਜੋਂ, ਵਿਸ਼ੇਸ਼ ਰੂਪ ਵਿਚ ਪ੍ਰਗਟ ਕਰਦੇ ਹਨ। ਸੰਸਾਰ ਦੀ ਕਿਸੇ ਵੀ ਭਾਸ਼ਾ ਦਾ ਸਾਹਿਤ ਲੋਕਧਾਰਾਈ ਸਮੱਗਰੀ ਲਏ ਬਿਨਾਂ ਲੋਕਪ੍ਰਿਯ ਨਹੀਂ ਹੋ ਸਕਿਆ। ਹਰ ਯੁੱਗ ਅਤੇ ਭਾਸ਼ਾ ਦੇ ਮਹਾਨ ਸਾਹਿਤਕਾਰ ਆਪਣੇ ਦੇਸ਼ ਦੀ ਲੋਕਧਾਰਾ ਦੇ ਰਿਣੀ ਹਨ।

**ਹਵਾਲੇ**

1. ਰਵੀਂਦ੍ਰ, ਭ੍ਰਮਰ, ਹਿੰਦੀ ਭਰਤੀ ਸਾਹਿਤਯ ਮੇਂ ਲੋਕ ਤਤ੍ਵ, ਪੰਨਾ 9
2. Catvel Collins, "*Folklore and Literary Criticism*" JAF, Vol. IXX, p. 9
3. ਸਤੇਂਦ੍ਰ, ਲੋਕਤਾਤ੍ਵਿਕ ਅਧਿਐਨ, ਪੰਨਾ 51-52
4. Alan Dundes, *The Study of Folklore,* p. 127
5. Daniel, G. Hoffman, "*Folklore in Literature",* JAF, Vol. IXX, p. 20
6. See Paul L. Bannot, "*Folklore and the Literature"* JAF,p. 23.
7. Chad wick Brothers, *The Growth of Literature,* p. 526
8. ਤਾਰਨ ਸਿੰਘ, ਰਹੱਸ ਤੇ ਰਮਜ਼, ਪੰਨੇ 9-10
9. Archer Taylor, *The study of Folklore,* p. 34

ਪਾਠ ਨੰ. 1.3

ਲੇਖਕ : ਡਾ. ਭੁਪਿੰਦਰ ਸਿੰਘ ਖਹਿਰਾ

## (ੳ) ਲੋਕ-ਕਾਵਿ

ਲੋਕ-ਕਾਵਿ ਹਰਮਨ ਪਿਆਰਾ ਸਾਹਿਤ ਹੁੰਦਾ ਹੈ। ਇਸ ਦਾ ਸਥਾਨ ਲੋਕਧਾਰਾ ਅਤੇ ਵਿਸ਼ਿਸ਼ਟ ਸਾਹਿਤ ਦੇ ਵਿਚਕਾਰ ਆ ਜਾਂਦਾ ਹੈ। ਇਸ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਇਸ ਕਾਵਿ ਦੇ ਰੂਪ ਵਿਧਾਨ ਦੀ ਜੁਗਤ ਪਰੰਪਰਾ ਦੇ ਨਿਯਮਾਂ ਦਾ ਪਾਲਣ ਕਰਦੀ ਹੈ, ਪਰ ਇਸ ਦੀ ਸਾਰ-ਜੁਗਤ ਸਮੂਹਕ ਨਾ ਹੋ ਕੇ ਵਿਅਕਤੀਗਤ ਸੰਦਰਭ ਵਿਚ ਵਿਚਰਦੀ ਹੈ। ਇਸ ਸ਼੍ਰੇਣੀ ਵਿਚ ਲੋਕ-ਗੀਤ ਨੂੰ ਨਹੀਂ ਰੱਖਿਆ ਜਾ ਸਕਦਾ ਹੈ। ਲੋਕ-ਗੀਤ ਲੋਕਧਾਰਾ ਦੀ ਇਕ ਪਰਪੱਕ ਅਤੇ ਸ੍ਰੇਸ਼ਟ ਰਚਨਾ ਹੈ। ਲੋਕ ਗੀਤ, ਲੋਕਧਾਰਾ ਦੇ ਸਮੁੱਚੇ ਬੁਨਿਆਦੀ ਅਸੂਲਾਂ ਦੀ ਪਾਲਣਾ ਕਰਦਾ ਹੈ। ਪਰ ਲੋਕ-ਕਾਵਿ ਹਰਮਨ ਪਿਆਰਾ ਕਾਵਿ ਰੂਪ ਹੁੰਦਾ ਹੋਇਆ ਵੀ ਅਸੂਲਾਂ ਪ੍ਰਤੀ ਸੁਹਿਰਦ ਨਹੀਂ ਰਹਿੰਦਾ। ਲੋਕ-ਕਾਵਿ ਛੰਦ ਰਹਿਤ ਸਿਰਜਨਾ ਨਹੀਂ, ਸਗੋਂ ਛੰਦ ਪ੍ਰਧਾਨ ਸਿਰਜਣਾ ਹੈ, ਇਸ ਲਈ ਇਸ ਵਿਚ ਲੈਅ ਤੋਂ ਤਾਲ ਦੀ ਵਧ ਮਹੱਤਤਾ ਹੁੰਦੀ ਹੈ। ਲੋਕਧਾਰਾ ਅਤੇ ਲੋਕ-ਕਾਵਿ ਦੇ ਅੰਤਰ ਸੰਬੰਧਾਂ ਨੂੰ ਇਸ ਤਰ੍ਹਾਂ ਸਪੱਸ਼ਟ ਕੀਤਾ ਜਾ ਸਕਦਾ ਹੈ :-

**ਲੋਕਧਾਰਾ ਅਤੇ ਲੋਕ-ਕਾਵਿ**

ਬੇਸ਼ਕ ਲੋਕ-ਕਾਵਿ ਨੂੰ ਲੋਕਧਾਰਾ ਦੀ ਇਕ ਵੰਨਗੀ ਸਵੀਕਾਰਿਆ ਗਿਆ ਹੈ ਪਰ ਇਹ ਉਹ ਵੰਨਗੀ ਹੈ ਜਿਸ ਦਾ ਰਿਸ਼ਤਾ ਲੋਕਧਾਰਾ ਨਾਲ ਐਨਾ ਸੰਘਣਾ ਨਹੀਂ ਜਿੰਨਾ ਕਿ ਗ਼ੈਰ ਮੌਖਿਕ ਵੰਨਗੀਆਂ ਦਾ। ਇਸ ਦਾ ਕਾਰਨ ਲੋਕਧਾਰਾ ਅਤੇ ਲੋਕ-ਕਾਵਿ ਦੇ ਸੁਭਾਅ ਵਿਚ ਅੰਤਰ ਹੋਣਾ ਹੈ। ਇਹ ਅੰਤਰ ਇਸ ਤਰ੍ਹਾਂ ਨਿਖੇੜ ਕੀਤਾ ਜਾ ਸਕਦਾ ਹੈ :

(1) ਲੋਕਧਾਰਾ ਸਭਿਆਚਾਰ ਪਰੰਪਰਾ ਦੀ ਪਾਲਣਾ ਕਰਦਾ ਹੈ। ਲੋਕਧਾਰਾ ਦਾ ਬੁਨਿਆਦੀ ਅਰਥ ਇਸ ਦਾ ਪਰੰਪਰਾਗਤ ਧਾਰਾ ਹੋਣਾ ਹੈ। ਇਸ ਵਿਚ ਲੋਕਾਂ ਦੀ ਸਭਿਆਚਾਰਕ ਸੋਚਣੀ ਦੀ ਅਭਿਵਿਅੰਜਨਾ ਹੁੰਦੀ ਹੈ। ਇਸ ਵਿਚ ਪ੍ਰਮੁੱਖਤਾ ਸਮੂਹ ਨੂੰ ਪ੍ਰਦਾਨ ਕੀਤੀ ਜਾਂਦੀ ਹੈ। ਵਿਅਕਤੀਗਤ ਹੋਂਦ ਸਹਿਕਾਰੀ ਅਤੇ ਸੇਵਕ ਵਜੋਂ ਪ੍ਰਵਾਨ ਚੜ੍ਹਦੀ ਹੈ। ਪਰ ਲੋਕ-ਕਾਵਿ ਦਾ ਪਰੰਪਰਾਗਤ ਹੋਣਾ ਜ਼ਰੂਰੀ ਨਹੀਂ ਇਸ ਦੀ ਪਰੰਪਰਾ ਬਹੁਤ ਛੋਟੀ ਹੁੰਦੀ ਹੈ, ਇਕ ਜਾਂ ਦੋ ਪੀੜ੍ਹੀਆਂ ਤੱਕ ਸੀਮਤ। ਉਦਾਹਰਣ ਦੇ ਤੌਰ 'ਤੇ ਮਾਲਵੇ ਵਿਚ ਗਿੱਧੇ ਦੀਆਂ ਬੋਲੀਆਂ ਦਾ ਪ੍ਰਮਾਣ ਦਿੱਤਾ ਜਾ ਸਕਦਾ ਹੈ। ਕੁਝ ਕੁ ਰੂੜ੍ਹ ਬੋਲੀਆਂ ਨੂੰ ਛੱਡ ਕੇ, ਸਾਰੀਆਂ ਬੋਲੀਆਂ ਵਿਚੋਂ ਕੁਝ ਹੀ ਬੋਲੀਆਂ ਮਿਲਣਗੀਆਂ ਜਿਹੜੀਆਂ ਪੰਜਾਹ ਸੱਠ ਸਾਲ ਪੁਰਾਣੀਆਂ ਹੋਣ। ਇਸ ਤਰ੍ਹਾਂ ਹੋਰ ਲੋਕ-ਕਾਵਿ ਬਾਰੇ ਆਖਿਆ ਜਾ ਸਕਦਾ ਹੈ। ਲੋਕ-ਕਾਵਿ ਜਾਂ ਤਾ ਪਰੰਪਰਾ ਤੋਂ ਵੈਸੇ ਹੀ ਬੇਮੁੱਖ ਹੋ ਜਾਂਦਾ ਹੈ, ਜਾਂ ਫਿਰ ਇਸ ਦੀ ਪਰੰਪਰਾ ਇੰਨੀ ਛੋਟੀ ਹੁੰਦੀ ਹੈ ਕਿ ਉਸ ਵਿਚੋਂ ਸਮੁੱਚੀ ਸਭਿਆਚਾਰਕ ਸੋਚਣੀ ਦੀ ਝਲਕ ਮਿਲਣੀ ਕਠਿਨ ਹੈ।

(2) ਲੋਕਧਾਰਾ ਵਾਂਗ ਲੋਕ-ਕਾਵਿ ਕੋਈ ਪ੍ਰਬੀਨ ਰਚਨਾਵਾਂ ਨਹੀਂ ਹੁੰਦੀਆਂ। ਇਨ੍ਹਾਂ ਵਿਚ ਕਲਾ-ਸੁਹਜ ਅਤੇ ਸ੍ਰੇਸ਼ਠਤਾ ਦੀ ਘਾਟ ਕਾਰਨ ਹਮੇਸ਼ਾ ਸੋਧ ਦੀ ਗੁੰਜਾਇਸ਼ ਬਣੀ ਰਹਿੰਦੀ ਹੈ। ਇਸ ਕਰਕੇ ਲੋਕ-ਕਾਵਿ ਪਰਪੱਕ ਰਚਨਾਵਾਂ ਨਹੀਂ ਹੁੰਦੀਆਂ, ਇਹ ਤਾਂ ਮੌਕੇ ਅਨੁਸਾਰ ਸਮੱਗਰੀ ਇਕੱਠ ਕਰਕੇ ਤਿਆਰ ਕੀਤੀਆਂ ਜਾਂਦੀਆਂ ਹਨ।

(3) ਲੋਕ-ਕਾਵਿ ਸਮੂਹ ਵਲੋਂ ਬੇਮੁੱਖ ਹੋ ਕੇ, ਵਿਅਕਤੀ ਵੱਲ ਕੇਂਦਰਿਤ ਹੁੰਦਾ ਹੈ। ਇਸ ਵਿਚ ਵਿਅਕਤੀਗਤ ਵੇਦਨਾ ਪ੍ਰਧਾਨ ਹੁੰਦੀ ਹੈ। ਉਦਾਹਰਣ ਵਜੋਂ ਗਿੱਧੇ ਦੀਆਂ ਬੋਲੀਆਂ ਵਿਚ ਜਾਂ ਤਾਂ ਬੋਲੀਕਾਰ ਆਪਣੀ ਉਸਤਤ ਕਰਦਾ ਹੈ ਜਾਂ ਫਿਰ ਆਪਣੇ ਪਿਆਰੇ ਦੀ। ਇਸ ਤੋਂ ਇਲਾਵਾ ਸਮੂਹਕ ਚੇਤਨਾ ਦੇ ਉਲਟ ਸਮਾਜਕ ਰਿਵਾਜਾਂ ਤੇ ਪਿਤਰਾਂ ਦੀ ਛਿੱਲ

ਲਾਹੀ ਜਾਂਦੀ ਹੈ। ਲੋਕ-ਕਾਵਿ ਸਮੂਹਕ ਚੇਤਨਾ ਦੀ ਪਰੰਪਰਾ ਦੀ ਪਾਲਣਾ ਨਹੀਂ ਕਰਦਾ, ਸਗੋਂ ਇਸ ਬਾਰੇ ਸੰਵਾਦ ਰਚਾ ਕੇ, ਮਾਪਣ ਤੋਲਣ ਦੀ ਗੱਲ ਕਰਦਾ ਹੈ। ਲੋਕ-ਕਾਵਿ ਦੇ ਇਹ ਤੱਤ ਇਨ੍ਹਾਂ ਬੋਲੀਆਂ ਵਿਚੋਂ ਭਲੀਭਾਂਤ ਸਪੱਸ਼ਟ ਹੋ ਜਾਂਦੇ ਹਨ :

**ਆਤਮ ਉਸਤਤੀ**

ਤਾਰਾਂ, ਤਾਰਾਂ, ਤਾਰਾਂ
ਬੋਲੀਆਂ ਦੇ ਖੂਹ ਭਰਦੂੰ, ਜਿਥੇ ਪਾਣੀ ਭਰਨ ਮੁਟਿਆਰਾਂ
ਬੋਲੀਆਂ ਦੀ ਸੜਕ ਬੰਨ੍ਹਾਂ, ਜਿੱਥੇ ਚੱਲਣ ਮੋਟਰਾਂ ਕਾਰਾਂ।
ਬੋਲੀਆਂ ਦੀ ਨਹਿਰ ਵਗੇ, ਜਿੱਥੇ ਚਲਣ ਮੋਘੇ ਤੇ ਨਾਲਾਂ
ਜਿਉਂਦੀ ਤੂੰ ਮਰ ਗਈ, ਜਦੋਂ ਕੱਢੀਆਂ ਜੇਠ ਨੇ ਗਾਲ੍ਹਾਂ
ਨਾ ਮੈਂ ਮੇਲਣੇ ਪੜ੍ਹੀ ਗੁਰਮੁਖੀ, ਨਾ ਮੈਂ ਬੈਠੀ ਡੇਰੇ।
ਨਿਤ ਨਵੀਆਂ ਮੈਂ ਜੋੜਾਂ ਬੋਲੀਆਂ ਬਹਿ ਕੇ ਮੋਟੇ ਨ੍ਹੇਰੇ।
ਬੋਲ ਅਗੰਮੀ ਨਿਕਲਣ ਅੰਦਰੋਂ ਕੁਝ ਵਸ ਨਹੀਂ ਮੇਰੇ।
ਮੇਲਣੇ ਨੱਚ ਲੈ ਨੀ, ਦੇ ਦੇ ਸ਼ੌਂਕ ਦੇ ਗੇੜੇ।

**ਪਿਆਰੇ ਦੀ ਉਸਤਤੀ**

ਰਾਜ ਦੁਆਰੇ ਬਹਿ ਗਈ ਬੰਤੋ, ਰੱਤਾ ਪੀਹੜਾ ਡਾਹ ਕੇ
ਕਿਉੜਾ ਛਿੜਕ ਲਿਆ ਆਸ ਪਾਸੇ, ਅਤਰ ਫੁਲੇਲ ਰਮਾ ਕੇ।
ਸੱਗੀ ਤੇ ਫੁੱਲ ਬਘਿਆੜੀ ਸੋਂਹਦੇ, ਰੱਖੀ ਬਿੰਦੀ ਚਮਕਾਕੇ।
ਕੰਨਾਂ ਦੇ ਵਿਚ ਸਜਣ ਕੋਕਰੂ, ਵਾਲੇ ਰਖੇ ਲਸ਼ਕਾ ਕੇ।
ਬਾਹਾਂ ਦੇ ਵਿਚ ਸਜਦਾ ਚੂੜਾ, ਛਾਪਾਂ ਰਖੇ ਸਜ਼ਾ ਕੇ।
ਪੈਰਾਂ ਦੇ ਵਿਚ ਸਜਣ ਪਟੜੀਆਂ ਵੇਖ ਲੋ ਮਨ ਚਿੱਤ ਲਾ ਕੇ
ਨਵੀਂ ਵਿਆਹੁਲੀ ਦਾ, ਸਭ ਦੇਖਣ ਘੁੰਡ ਉਠਾ ਕੇ।

ਜਾਂ

ਸਾਡੇ ਪਿੰਡ ਦੇ ਮੁੰਡੇ ਸੁਣ ਲੋ ਹੈਗੇ ਬੜੇ ਇਨਾਮੀ
ਨਾ ਉਹ ਮਾੜੀ ਬੈਠਕ ਕਰਦੇ, ਨਾ ਖਟਦੇ ਬਦਨਾਮੀ
ਸਿਰ ਮੁੰਡਿਆਂ ਦੇ ਟੇਂਹਦੀ ਟਸਰੀ, ਗਲ ਵਿਚ ਕਾਲੀ ਗਾਨੀ
ਹਰੀ ਛੈਲ ਦਾ ਸੁਹੰਦਾ ਕੁੜਤਾ, ਧੋਤੀ ਮੱਛਰਦਾਨੀ
ਦੋ ਸਿਰ ਜੁੜਦਿਆਂ ਤੇ ਕੋਈ ਚੰਦਰਾ ਮਾਰ ਗਿਆ ਭਾਨੀ।

ਨਾਨਕ ਛੱਕ ਅਤੇ ਵਿਆਹ ਸ਼ਾਦੀਆਂ ਦੇ ਗਿੱਧੇ ਵਿਚ ਇਹ ਦੋਵੇਂ ਹੀ ਕਾਵਿ-ਰੂਪ ਪ੍ਰਧਾਨ ਹੁੰਦੇ ਹਨ। ਪਰ ਤੀਆਂ ਦੇ ਗਿੱਧੇ ਜਿੱਥੇ ਮਰਦਾਂ ਦੀ ਸਮੂਲੀਅਤ ਵਰਜਿਤ ਹੁੰਦੀ ਹੈ, ਸਮਾਜਕ ਰਸਮਾਂ 'ਤੇ ਰੱਜ ਕੇ ਟੀਕਾ ਟਿੱਪਣੀ ਕੀਤੀ ਜਾਂਦੀ ਹੈ। ਅਸਲ ਵਿਚ ਤੀਆਂ ਦਾ ਗਿੱਧਾ ਤਾਂ ਲੋਕ ਕਚਹਿਰੀ ਹੀ ਹੁੰਦਾ ਹੈ। ਇਸ ਗਿੱਧੇ ਵਿਚ ਪੇਸ਼ ਹੋਣ ਵਾਲਾ ਲੋਕ-ਕਾਵਿ ਸਮਾਜਿਕ ਰਿਵਾਜਾਂ ਤੇ ਸਖ਼ਤ ਵਿਅੰਗ ਕੱਸਦਾ ਹੈ। ਇਹ ਕਾਵਿ ਮੁੰਡੇ ਕੁੜੀਆਂ ਦੇ ਸਾਂਝੇ ਗਿੱਧੇ ਵਿਚ ਨਹੀਂ ਉਚਾਰਿਆ ਜਾ ਸਕਦਾ। ਇਹ ਤਾਂ ਗੁੱਤ 'ਤੇ ਕਚਹਿਰੀ ਲੱਗਣ ਵਾਲੀ ਹੀ ਗੱਲ ਹੈ :

ਨੌਕਰ ਨੂੰ ਨਾ ਦਈਂ ਬਾਬਲਾ, ਹਾਲੀ ਪੁੱਤ ਬਥੇਰੇ
ਨੌਕਰ ਪੁੱਤ ਤਾਂ ਘਰ ਨਹੀਂ ਰਹਿੰਦੇ ਵਿਚ ਪਰਦੇਸਾਂ ਡੇਰੇ
ਨੌਕਰ ਨਾਲੋਂ ਐਵੇ ਚੰਗੀ, ਦਿਨ ਕੱਟ ਲਊਂ ਘਰ ਤੇਰੇ
ਮੈਂ ਤੈਨੂੰ ਵਰਜ ਰਹੀ ਦਈਂ ਨਾ ਬਾਬਲਾ ਫੇਰੇ।

ਜਾਂ

ਸੁਣ ਵੇ ਫਰੰਗੀਆ ਸੱਧਰਾਂ ਮੇਰੀਆਂ, ਮੈਂ ਤੈਨੂੰ ਆਖ ਸੁਣਾਵਾਂ।
ਛੁੱਟੀ ਦੇ ਦੇ ਮੇਰੇ ਢੋਲ ਸਿਪਾਹੀ ਨੂੰ ਧਾ ਗਲਵਕੜੀ ਪਾਵਾਂ।
ਖੰਡ ਮਖਣਾਂ ਦੇ ਪਲੇ ਮਾਹੀ ਨੂੰ ਰਫ਼ਲ ਨਾ ਕਦੇ ਫੜਾਵਾਂ।
ਫਰੰਗੀਆਂ ਤਰਸ ਕਰੀਂ, ਤੇਰਾ ਜਸ ਗਿੱਧਿਆਂ ਵਿਚ ਗਾਵਾਂ।

ਇਸ ਤਰ੍ਹਾਂ ਸਪੱਸ਼ਟ ਹੈ ਕਿ ਲੋਕ-ਕਾਵਿ ਦੀਆਂ ਭਾਵਨਾਵਾਂ ਸਮੂਹ ਵਿਚ ਸਰਬ ਦੀ ਅਨੁਭੂਤੀ ਦਾ ਵਿਸ਼ਾ ਨਹੀਂ ਬਣ ਸਕਦੀਆਂ। ਇਹ ਉਮਰ ਅਨੁਸਾਰ, ਸਮਾਜਕ ਘੇਰੇ ਅਨੁਸਾਰ ਅਤੇ ਪ੍ਰਸਥਿਤੀ ਅਨੁਸਾਰ ਵੱਖ-ਵੱਖ ਭਾਂਤ ਦੀ ਅਪੀਲ ਕਰਦਾ ਹੈ।

(4) ਲੋਕ-ਕਾਵਿ ਦਾ ਪ੍ਰਬੰਧ ਪਰਪੱਕ ਨਹੀਂ ਹੁੰਦਾ। ਇਸ ਵਿਚ ਫੇਰ ਬਦਲ ਕਰਕੇ ਉਹ ਭਾਵਨਾਵਾਂ ਵਿਅਕਤ ਕੀਤੀਆਂ ਜਾ ਸਕਦੀਆਂ ਹਨ। ਕਈ ਬੋਲੀਆਂ ਦੋ ਤੁਕੀਆਂ ਹੁੰਦੀਆਂ ਹਨ। ਪਰ ਉਹ ਛੇ ਤੁਕੀਆਂ ਬੋਲੀਆਂ ਦਾ ਭਾਗ ਵੀ ਬਣ ਸਕਦੀਆਂ ਹਨ। ਇਸ ਕਾਵਿ ਵਿਚ ਰੂਪਕੀ ਪ੍ਰਬੰਧ ਦੀ ਮਹੱਤਤਾ ਜ਼ਰੂਰ ਹੈ। ਲੋਕਧਾਰਾ ਦੀਆਂ ਹੋਰਨਾਂ ਵੰਨਗੀਆਂ ਦੀ ਤਰ੍ਹਾਂ ਇਸ ਕਾਵਿ ਰੂਪ ਅਤੇ ਸਾਰ ਦਾ ਰਿਸ਼ਤਾ ਰੂੜ੍ਹੀਗਤ ਨਹੀਂ ਹੁੰਦਾ।

(5) ਲੋਕ-ਕਾਵਿ ਨੂੰ ਪ੍ਰਤਿਭਾ ਵਾਲੇ ਵਿਅਕਤੀ ਰਚ ਸਕਦੇ ਹਨ। ਪਰ ਇਸ ਬਾਰੇ ਰੂਪਕੀ ਪਰੰਪਰਾ ਨੂੰ ਜਾਣਨਾ ਹੀ ਕਾਫ਼ੀ ਹੈ, ਭਾਵੇ ਵਿਅਕਤੀਗਤ ਵੀ ਪ੍ਰਵਾਨ ਕੀਤੇ ਜਾ ਸਕਦੇ ਹਨ। ਇਸ ਨੂੰ ਸਮੂਹ ਦੀ ਪ੍ਰਵਾਨਗੀ ਦੀ ਲੋੜ ਨਹੀਂ ਹੁੰਦੀ। ਇਸ ਦਾ ਘੇਰਾ ਜਾਂ ਸੀਮਤ ਇਕੱਠ ਇਸ ਨੂੰ ਸ਼ਕਤੀ ਦੇ ਆਧਾਰ ਤੇ ਪ੍ਰਵਾਨ ਕਰ ਸਕਦਾ ਹੈ।

(6) ਲੋਕ-ਕਾਵਿ ਬਹੁਤ ਲਚਕੀਲਾ ਹੈ। ਇਸ ਵਿਚ ਵਿਅਕਤੀ ਆਪਣੀ ਲੋੜ ਅਨੁਸਾਰ, ਇਸ ਦੇ ਮਾਪਦੰਡਾਂ ਨੂੰ ਬਰਕਰਾਰ ਰੱਖਦਾ ਹੋਇਆ ਸੋਧ ਕਰ ਸਕਦਾ ਹੈ। ਉਸ ਵਿਚ ਕਦੇ ਭਾਵਾਂ ਦਾ ਪ੍ਰਵੇਸ਼ ਕਰ ਸਕਦਾ ਹੈ, ਇਸ ਨੂੰ ਇਕ ਹੋਰ ਕਿਸਮ ਦੀ ਰੰਗਣ ਦੇ ਸਕਦਾ ਹੈ।

(7) ਇਹ ਲੋਕ-ਕਾਵਿ ਸਮੂਹ ਵਿਚ ਜਾਦੂਮਈ ਭਰਮ ਪੈਦਾ ਕਰਕੇ ਸਮੂਹ ਦੀ ਇੱਛਾ ਪੂਰਤੀ ਨੂੰ ਢਾਰਸ ਨਹੀਂ ਦਿੰਦਾ। ਇਸ ਕਰਕੇ ਇਸ ਕਾਵਿ ਨੂੰ ਪਵਿੱਤਰਤਾ ਹਾਸਲ ਨਹੀਂ ਹੁੰਦੀ। ਇਹ ਕਾਵਿ ਤਾਂ ਜਜ਼ਬੇ ਦਾ ਪ੍ਰਗਟਾਅ ਹੁੰਦਾ ਹੈ।

(8) ਇਹ ਕਾਵਿ ਆਪਣੇ ਆਪ ਵਿਚ ਸੰਪੂਰਨ ਨਹੀਂ ਹੁੰਦਾ ਸਗੋਂ ਹਰ ਵਿਅਕਤੀ ਆਪਣੀ ਰੁਚੀ ਅਨੁਸਾਰ ਇਸ ਨੂੰ ਸੰਪੂਰਨ ਬਣਾਉਣ ਦਾ ਅਭਿਆਸ ਕਰਦਾ ਰਹਿੰਦਾ ਹੈ। ਇਸ ਤਰ੍ਹਾਂ ਲੋਕ ਗੀਤ ਦੇ ਮੁਕਾਬਲੇ ਲੋਕ-ਕਾਵਿ ਵਿਚ ਪਰਿਵਰਤਨ ਜ਼ਿਆਦਾ ਆਉਂਦੇ ਹਨ। ਇਸ ਦੇ ਪੈਰੋਲ ਅਤੇ ਲਾਂਗ ਦੋਹਾਂ ਵਿਚ ਹੀ ਪਰਿਵਰਤਨਾਂ ਦੀ ਵਧੇਰੇ ਸੰਭਾਵਨਾ ਮੌਜੂਦ ਰਹਿੰਦੀ ਹੈ।

**ਲੋਕ-ਕਾਵਿ ਦੇ ਪ੍ਰਮੁੱਖ ਲੱਛਣ**

(1) ਪੰਜਾਬੀ ਲੋਕ-ਕਾਵਿ ਛੰਦ ਪ੍ਰਧਾਨ ਰਚਨਾ ਹੈ। ਛੰਦ ਪਹਿਲੀ ਵਾਰੀ ਦਸਮ ਗ੍ਰੰਥ ਵਿਚ ਗੁਰੂ ਗੋਬਿੰਦ ਸਿੰਘ ਦੁਆਰਾ ਮੁੜ ਵਰਤੇ ਗਏ ਹਨ। ਉਸ ਤੋਂ ਪਹਿਲਾਂ ਇਹ ਕਾਵਿ ਛੰਦ ਨਹੀਂ ਸੀ। ਲੋਕ-ਕਾਵਿ ਵਿਚ ਉਸ ਤੋਂ ਬਾਅਦ ਵਿਚ ਹੀ ਵਧੇਰੇ ਪ੍ਰਚੱਲਿਤ ਹੋਇਆ ਹੈ।

(2) ਲੋਕ-ਕਾਵਿ ਜਜ਼ਬਾ ਪ੍ਰਧਾਨ ਕਾਵਿ ਹੈ। ਇਸ ਵਿਚ ਜਜ਼ਬੇ ਨੂੰ ਨਿਸੰਗ ਰੂਪ ਵਿਚ ਪ੍ਰਗਟ ਕੀਤਾ ਜਾਂਦਾ ਹੈ ਇਸ ਲਈ ਲੋਕ-ਕਾਵਿ ਵਿਚ ਭਾਵਾਂ ਵਰਗੀ ਕੋਮਲਤਾ ਦੀ ਥਾਂ ਜਜ਼ਬੇ ਵਰਗੀ ਚਾਲ ਵਧੇਰੇ ਪ੍ਰਧਾਨ ਹੁੰਦੀ ਹੈ। ਲੋਕ-ਕਾਵਿ ਦੀ ਚਾਲ ਤੇਜ਼ ਹੁੰਦੀ ਹੈ। ਇਸ ਦਾ ਪ੍ਰਗਟਾਅ ਅੱਗ ਦੇ ਭੰਬੂਕੇ ਵਾਂਗ ਹੁੰਦਾ ਹੈ।

(3) ਲੋਕ-ਕਾਵਿ ਦੀ ਰਚਨਾ ਵਿਅਕਤੀ ਮੁੱਖ ਹੈ, ਜਦੋਂ ਕਿ ਲੋਕਧਾਰਾ ਦੀਆਂ ਹੋਰ ਵੰਨਗੀਆਂ ਵਿਚ ਅਜਿਹਾ ਨਹੀਂ ਹੁੰਦਾ, ਜਿਸ ਤਰ੍ਹਾਂ ਇਸ ਬੋਲੀ ਤੋਂ ਸਪੱਸ਼ਟ ਹੈ :

ਨਿੱਤ ਸਵੇਰੇ ਮੈਂ ਜੋੜਾਂ ਬੋਲੀਆਂ, ਬੈਹਕੇ ਮੋਟੇ ਨ੍ਹੇਰੇ।

ਹਰ ਵਿਅਕਤੀ ਬੋਲੀ ਜੋੜ ਸਕਦਾ ਹੈ। ਬੋਲੀ ਜੋੜਨ ਲਈ ਵਿਸ਼ੇਸ਼ ਪ੍ਰਤਿਭਾ ਦੀ ਥਾਂ ਅਭਿਆਸ ਦੀ ਵਧੇਰੇ ਜ਼ਰੂਰਤ ਹੈ। ਅਭਿਆਸ ਨਾਲ ਜਦੋਂ ਕਿਸੇ ਵਿਅਕਤੀ ਲਈ ਛੰਦ ਵਿਧਾਨ ਸਰਲ ਹੋ ਜਾਂਦਾ ਹੈ ਤਾਂ ਉਸ ਨੂੰ ਬੋਲੀ ਜੋੜਨ ਵਿਚ ਕੋਈ ਕਠਿਨਾਈ ਨਹੀਂ ਆਉਂਦੀ। ਪਰ ਲੋਕ-ਗੀਤ ਲੋਕਧਾਰਾ ਦੇ ਕਿਰਿਆਤਮਕ ਰੂਪ ਨਾਲ ਸੰਬੰਧਿਤ ਹੈ।

(4) ਲੋਕ-ਕਾਵਿ ਵਿਚ ਲੋਕਧਾਰਾਈ ਰੂੜ੍ਹੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਇਹ

ਆਪਣੀਆਂ ਰੂੜ੍ਹੀਆਂ ਵੀ ਸਿਰਜਦਾ ਹੈ। ਲੋਕ-ਧਾਰਾ ਸੰਜੀਦਾ ਹੈ ਤੇ ਕਈ ਵਿਦਵਾਨ ਲੋਕਗੀਤ ਨੂੰ ਲੋਕ-ਕਾਵਿ ਦਾ ਅੰਗ ਸਵੀਕਾਰ ਕਰਦੇ ਹਨ। ਪਰੰਤੂ ਇਹ ਲੋਕਧਾਰਾ ਦੇ ਕਿਰਿਆਤਮਕ ਰੂਪ ਨਾਲ ਸੰਬੰਧਿਤ ਹੈ।

ਲੋਕਗੀਤ ਨੂੰ ਲੋਕਧਾਰਾ ਦੇ ਕਿਰਿਆਤਮਕ ਰੂਪ ਦੇ ਵਰਗ ਵਿਚ ਰੱਖਣ ਦੇ ਕਈ ਕਾਰਨ ਹਨ। ਇਨ੍ਹਾਂ ਵਿਚੋਂ ਪ੍ਰਮੁੱਖ ਇਹ ਹੈ ਕਿ ਲੋਕ ਗੀਤ ਦੀ ਰਚਨਾ, ਸਿਰਜਨਾ ਤੇ ਵਿਧੀ ਇਕ ਖਾਸ ਕਿਰਿਆ ਨਾਲ ਜੁੜੀ ਹੁੰਦੀ ਹੈ। ਉਸ ਕਿਰਿਆ ਦੇ ਅਮਲ ਵਿਚ ਹੀ ਲੋਕ ਗੀਤ ਜਨਮ ਲੈਂਦਾ ਹੈ। ਉਸ ਕਿਰਿਆ ਨਾਲ ਜੁੜ ਕੇ ਹੀ ਇਸ ਦੀ ਅਹਿਮੀਅਤ ਜਾਂ ਅਰਥ ਬਣਦੇ ਹਨ। ਇਹ ਕਿਰਿਆ ਕੋਈ ਰੀਤ, ਜਨਮ ਰਿਵਾਜ ਜਾਂ ਪ੍ਰਸਥਿਤੀ ਹੋ ਸਕਦੀ ਹੈ। ਇਹ ਕਿਰਿਆ ਹੀ ਗੀਤ ਨੂੰ ਭਾਵ-ਸੰਚਾਰ ਕਰਨ ਦਾ ਮਾਧਿਅਮ ਬਣਾਉਂਦੀ ਹੈ।

### (ਅ) ਲੋਕ-ਗੀਤ

**ਪਰਿਭਾਸ਼ਾ**

ਲੋਕ-ਗੀਤ ਨੂੰ ਪਰਿਭਾਸ਼ਤ ਕਰਨ ਦੇ ਬਹੁਤ ਸਾਰੇ ਲੋਕਧਾਰਾ ਵਿਗਿਆਨੀਆਂ ਨੇ ਸੁਹਿਰਦ ਯਤਨ ਕੀਤੇ ਹਨ। ਡਾ. ਕਰਨੈਲ ਸਿੰਘ ਥਿੰਦ ਨੇ ਕਈ ਅੰਗਰੇਜ਼ ਵਿਦਵਾਨਾਂ ਦੀਆਂ ਪਰਿਭਾਸ਼ਾ ਦਾ ਵਿਸ਼ਲੇਸ਼ਣ ਕਰਕੇ ਲੋਕ-ਗੀਤ ਨੂੰ ਪਰਿਭਾਸ਼ਤ ਕੀਤਾ ਹੈ। ਡਾ. ਥਿੰਦ ਅਨੁਸਾਰ, ''ਲੋਕ-ਗੀਤ ਪਰੰਪਰਾ ਦੇ ਅੰਸ਼ਾਂ ਨਾਲ ਭਰਪੂਰ, ਲੋਕ ਬੋਲੀ ਦੁਆਰਾ, ਮੌਖਿਕ ਰੂਪ ਵਿਚ ਸੰਚਾਰਿਤ ਅਜਿਹੀ ਸੰਗੀਤਮਈ ਰਚਨਾ ਹੈ, ਜਿਸ ਵਿਚ ਲੋਕ-ਮਾਨਸ ਦੀ ਅਭਿਵਿਅਕਤੀ ਹੋਵੇ, ਜਿਹੜੀ ਕਿਸੇ ਅਗਿਆਤ ਵਿਅਕਤੀ ਨਾਲ ਸੰਬੰਧਿਤ ਨਾ ਕੀਤੀ ਹੋਵੇ ਅਤੇ ਲੋਕ ਸਮੂਹ ਜਿਸ ਨੂੰ ਪ੍ਰਵਾਨਗੀ ਦੇ ਕੇ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰਦਾ ਆਇਆ ਹੋਵੇ, 'ਲੋਕ ਗੀਤ' ਹੈ।'' ਕਿਸੇ ਲੋਕਧਾਰਾਈ ਰਚਨਾ ਦਾ ਪੀੜ੍ਹੀਓ ਦਰ ਪੀੜ੍ਹੀ ਤੁਰੇ ਜਾਣਾ ਲੋਕਧਾਰਾ ਦਾ ਲੱਛਣ ਹੈ, ਉਸ ਵਿਚ ਵੰਨਗੀ ਦੀ ਖਾਸੀਅਤ ਨਹੀਂ। ਇਸੇ ਤਰ੍ਹਾਂ ਲੋਕ-ਮਾਨਸ ਦੀ ਅਭਿਵਿਅਕਤੀ ਸਮੁੱਚੀ ਲੋਕਧਾਰਾ ਵਿਚ ਹੁੰਦੀ ਹੈ। ਲੋਕਧਾਰਾ ਕਿਸੇ ਵਿਅਕਤੀ ਨਾਲ ਸੰਬੰਧਿਤ ਨਹੀਂ ਹੁੰਦੀ। ਸਾਰੀ ਲੋਕਧਾਰਾ ਹੀ ਪਰੰਪਰਾ ਦੇ ਅੰਸ਼ਾਂ ਨਾਲ ਭਰਪੂਰ ਹੁੰਦੀ ਹੈ। ਲੋਕਧਾਰਾ ਦੇ ਬਹੁਤ ਮੌਖਿਕ ਰੂਪ ਲੋਕ ਬੋਲੀ ਵਿਚ ਸੰਚਾਰਿਤ ਹੁੰਦੇ ਹਨ। ਜੋ ਗੱਲ ਡਾ. ਥਿੰਦ ਨੇ ਲੋਕ-ਗੀਤ ਬਾਰੇ ਵਿਸ਼ੇਸ਼ ਕਹੀ ਹੈ, ਉਹ ਇਸ ਦਾ ਸੰਗੀਤਮਈ ਹੋਣਾ ਹੈ। ਲੋਕ-ਗੀਤਾਂ ਬਾਰੇ ਸਾਰੀਆਂ ਹਵਾਲਾ ਪੁਸਤਕਾਂ ਅਤੇ ਤਕਰੀਬਨ ਸਾਰੇ ਲੋਕਧਾਰਾ ਵਿਗਿਆਨੀ ਇਸ ਗੱਲ ਨਾਲ ਸਹਿਮਤ ਹਨ ਕਿ ਲੋਕ-ਗੀਤਾਂ ਦਾ ਸੰਗੀਤਮਈ ਹੋਣਾ ਜ਼ਰੂਰੀ ਹੈ। ਪਰ ਸੰਗੀਤਮਈ ਹੋਣ ਦੇ ਅਰਥ ਵਿਆਪਕ ਨਹੀਂ ਲਏ ਜਾ ਸਕਦੇ। ਹਰ ਸੰਗੀਤ ਦੀ ਆਪਣੀ ਪਰੰਪਰਾ ਹੈ, ਉਸ ਦਾ ਆਪਣੀ ਧਰਤੀ ਅਤੇ ਲੋਕਾਂ ਨਾਲ ਸਿੱਧਾ ਵਾਸਤਾ ਹੁੰਦਾ ਹੈ। ਅਮਰੀਕਨ ਲੋਕਾਂ ਦਾ ਸੰਗੀਤ ਪੰਜਾਬੀ ਲੋਕਾਂ ਨੂੰ ਰੌਲੇ ਰੱਪੇ ਤੋਂ ਵੱਧ ਕੁਝ ਨਹੀਂ ਜਾਪੇਗਾ। ਇਸੇ ਤਰ੍ਹਾਂ ਚੀਨੀ ਸੰਗੀਤ ਭਾਰਤੀਆਂ ਨੂੰ ਚੰਗਾ ਨਹੀਂ ਲੱਗੇਗਾ। ਇਸ ਲਈ ਸੰਗੀਤ ਦੇ ਅਰਥ ਉਸ ਸਮਾਜ ਅਤੇ ਸਭਿਆਚਾਰ ਦੇ ਵਿਸ਼ੇਸ਼ ਸੰਗੀਤ ਤੋਂ ਲਏ ਜਾਣੇ ਚਾਹੀਦੇ ਹਨ।

ਡਾ. ਨਾਹਰ ਸਿੰਘ ਨੇ ਪੰਜਾਬੀ ਲੋਕ-ਕਾਵਿ 'ਤੇ ਸ਼ਲਾਘਾ ਯੋਗ ਕੰਮ ਕੀਤਾ ਹੈ। ਉਸਨੇ ਲੋਕ-ਗੀਤ ਦੀ ਬਹੁਤ ਲੰਮੀ ਚੌੜੀ ਪਰਿਭਾਸ਼ਾ ਕੀਤੀ ਹੈ, ਜਿਸ ਵਿਚ ਸਮੁੱਚੀ ਲੋਕਧਾਰਾ ਤੋਂ ਬਿਨਾਂ, ਸਭਿਆਚਾਰ ਅਤੇ ਵਿਸ਼ਿਸ਼ਟ ਸਾਹਿਤ ਨੂੰ ਸਮੋ ਸਕਣ ਦੀ ਵਿਵਸਥਾ ਹੈ। ਡਾ. ਨਾਹਰ ਸਿੰਘ ਲਿਖਦਾ ਹੈ, ''ਲੋਕ ਗੀਤ ਸੁਤੰਤਰ ਤੇ ਸਿਰਜਨਾਤਮਕ ਸੁਭਾ ਵਾਲਾ ਅਜਿਹਾ ਪ੍ਰਕਾਰਜਾਤਮਕ ਅਤੇ ਸਮੂਹਕ ਕਾਵਿ ਹੈ ਜੋ ਅੰਤਿਮ ਰੂਪ ਵਿਚ ਸਾਂਝੀ ਉਤਪਾਦਨ ਪ੍ਰਕਿਰਿਆ ਨਾਲ ਸੰਬੰਧਤ ਹੈ। ਇਹ ਕਿਸੇ ਇਕ ਲੋਕ ਦਾਇਰੇ ਵਿਚ ਪੀੜ੍ਹੀਓ ਪੀੜ੍ਹੀ ਮੌਖਿਕ ਰੂਪ ਵਿਚ ਪ੍ਰਚੱਲਿਤ, ਆਂਚਲਕ ਰੰਗਣ, ਉਪਭਾਖਾਈ ਉਚਾਰ ਅਤੇ ਸਮੂਹ ਵਿਸ਼ੇਸ਼ ਦੀ ਭਾਵਨਾ ਵਾਲਾ ਅਜਿਹਾ ਪ੍ਰਗੀਤਕ ਕਾਵਿ ਹੈ, ਜਿਸ ਨੂੰ ਅਗਿਆਤ ਵਿਅਕਤੀ ਵਲੋਂ ਲੋਕ ਸੰਸਕਾਰਾਂ ਅਤੇ ਲੋਕ ਰੂੜ੍ਹੀਆਂ ਦੇ ਆਧਾਰ 'ਤੇ ਸਿਰਜਿਆ ਅਤੇ ਲੋਕਾਂ ਨੇ ਪ੍ਰਵਾਨਿਆ ਤੇ ਸੋਧਿਆ ਹੁੰਦਾ ਹੈ। ਇਸ ਵਿਚ ਪੁਨਰ ਸਿਰਜਨ ਜਾਂ ਤੱਟ ਫੱਟ ਰਚਨਾ ਦੀ ਪ੍ਰਕਿਰਿਆ ਨਿਰੰਤਰ ਜਾਰੀ ਰਹਿੰਦੀ ਹੈ। ਇਹ ਲੋਕ ਪਰੰਪਰਾ ਵਿਚ ਪੈ ਕੇ ਕੁਝ ਨਿਸ਼ਚਿਤ ਗੀਤ ਰੂਪਾਂ ਵਿਚ ਭਿੰਨ-ਭਿੰਨ ਪਾਠਾਂਤਰਾਂ ਤੇ ਰੂਪਾਂਤਰਾਂ ਵਿਚ ਇਕ ਗਤੀਸ਼ੀਲ ਪਾਠ ਵਜੋਂ ਚਲਦਾ ਰਹਿੰਦਾ ਹੈ। ਇਸ ਕਾਵਿ ਦਾ ਵਸਤੂ ਪ੍ਰਕਾਰਜਮੁਖ ਅਤੇ ਰੂਪ ਲਚਕੀਲਾ ਹੁੰਦਾ ਹੈ। ਪ੍ਰਮਾਣਿਕ ਲੋਕ ਗੀਤ ਦੀ ਹੋਂਦ ਉਸ ਦੇ ਆਪਣੇ ਸੁਰ ਪ੍ਰਬੰਧ, ਦੁਹਰਾਓ, ਨੇਮਾਂ ਅਤੇ ਹੇਕਾਂ ਸਮੇਤ, ਸਮੁੱਚੇ ਸਮਾਜਕ ਨਿਭਾਉ ਵਿਚ ਹੁੰਦੀ ਹੈ।'' ਇੰਨੀ ਲੰਮੀ ਚੌੜੀ ਪਰਿਭਾਸ਼ਾ ਵਿਚ ਵੀ ਡਾ. ਨਾਹਰ ਸਿੰਘ, ਲੋਕ ਗੀਤ ਦੇ ਸਭ ਤੋਂ ਮਹੱਤਵਪੂਰਨ ਅੰਗ ਸੁਚੇਤ ਜਾਂ ਅਚੇਤ ਤੌਰ 'ਤੇ ਸ਼ਾਮਲ ਕਰਨ ਤੋਂ ਖੁੰਝ ਗਿਆ ਹੈ। ਉਹ ਹੈ ਇਸ ਦਾ ਸੰਗੀਤਮਈ ਹੋਣਾ।

ਲੋਕ ਗੀਤ ਦੀ ਪਰਿਭਾਸ਼ਾ ਦੀ ਕਿਥੋਂ ਤਲਾਸ਼ ਕੀਤੀ ਜਾਵੇ ? ਇਸ ਦੇ ਮੂਲ ਲੱਛਣ ਕਿਵੇਂ ਪਛਾਣੇ ਜਾਣ। ਪੰਜਾਬੀ ਲੋਕ ਗੀਤਾਂ ਦੀਆਂ ਉੱਘੀਆਂ ਵਿਸ਼ੇਸ਼ਤਾਵਾਂ ਕਿਵੇਂ ਉਲੀਕੀਆਂ ਜਾਣ, ਇਹ ਕੁਝ ਬੁਨਿਆਦੀ ਪ੍ਰਸ਼ਨ ਹਨ ਜਿਹੜੇ ਲੋਕਧਾਰਾ ਵਿਗਿਆਨੀਆਂ ਦਾ ਨਿਰੰਤਰ ਧਿਆਨ ਖਿੱਚਦੇ ਆਏ ਹਨ। ਜੇਕਰ ਲੋਕ ਗੀਤ ਦਾ ਸੰਬੰਧ ਪਰੰਪਰਾ ਅਤੇ ਸੰਗੀਤ ਦੀ ਪਰੰਪਰਾ ਤੋਂ ਹੀ ਹਾਸਲ ਹੋ ਸਕਦਾ ਹੈ ਤਾਂ ਇਸ ਲਈ ਸਾਨੂੰ ਪੱਛਮੀ ਵਿਦਵਾਨਾਂ ਦੀਆਂ ਘੜੀਆਂ ਘੜਾਈਆਂ ਪਰਿਭਾਸ਼ਾਵਾਂ 'ਤੇ ਟੇਕ ਰੱਖਣ ਦੀ ਬਜਾਏ ਆਪਣੀ ਪਰੰਪਰਾ ਦੀ ਖੋਜ ਕਰਨੀ ਚਾਹੀਦੀ ਹੈ। ਉਸ ਵਿਚੋਂ ਲੋਕ ਗੀਤ ਬਾਰੇ ਸਾਰੇ ਬੁਨਿਆਦੀ ਪ੍ਰਸ਼ਨਾਂ ਦੇ ਉਤਰ ਮਿਲ ਸਕਦੇ ਹਨ। ਡਾ. ਕਰਨੈਲ ਸਿੰਘ ਥਿੰਦ ਅਤੇ ਡਾ. ਨਾਹਰ ਸਿੰਘ ਦੇ ਕਈ ਪੱਖਾਂ ਤੋਂ ਸ਼ਲਾਘਾਯੋਗ ਕੰਮ ਵਿਚ ਇਕ ਵੱਡੀ ਤਰੁੱਟੀ ਇਹ ਹੈ ਕਿ ਇਨ੍ਹਾਂ ਨੇ ਆਪਣੀ ਪਰੰਪਰਾ ਵਿਚ ਝਾਤ ਮਾਰਨ ਦੀ ਥਾਂ, ਮੁੱਖ ਟੇਕ ਪੱਛਮੀ ਵਿਦਵਾਨਾਂ ਦੀਆਂ ਧਾਰਨਾਵਾਂ 'ਤੇ ਰੱਖੀ ਹੈ। ਇਹ ਜਾਣਦੇ ਹੋਏ ਵੀ ਇਕ ਲੋਕ ਗੀਤ ਦਾ ਸੰਕਲਪ ਤੇ ਗੀਤ ਨੂੰ ਪਰਿਭਾਸ਼ਤ ਪੱਛਮੀ ਪਰੰਪਰਾ ਦੇ ਪ੍ਰਸੰਗ ਵਿਚ ਕੀਤਾ ਹੈ। ਗੀਤ ਇਕ ਸੰਗੀਤਮਈ ਰਚਨਾ ਹੀ ਨਹੀਂ ਕਿਰਿਆਤਮਕ ਰੂਪ ਹੈ ਇਸ ਲਈ ਸੰਬੰਧਿਤ ਕਿਰਿਆ ਦੀ ਤਹਿ ਤੱਕ ਪਹੁੰਚਣ ਤੋਂ ਬਿਨਾਂ ਲੋਕ ਗੀਤ ਦੀ ਬੁਣਤ ਤੇ ਬਣਤਰ ਨੂੰ ਨਹੀਂ ਸਮਝਿਆ ਜਾ ਸਕਦਾ। ਲੋਕ ਗੀਤ ਕਿਰਿਆ ਨਾਲ ਜੁੜਿਆ ਹੁੰਦਾ ਹੈ, ਇਹ ਕਿਰਿਆ ਰਸਮ, ਜਾਂ ਪ੍ਰਸਥਿਤੀ ਹੋ ਸਕਦੀ ਹੈ। ਛੰਦ ਲੋਕ ਗੀਤ ਦਾ ਇਕ ਅਖੰਡ ਰੂਪ ਹੈ। ਛੰਦ ਦਾ ਸਬੰਧ ਇੱਛਾ ਪੂਰਤੀ ਨਾਲ ਹੁੰਦਾ ਹੈ। ਇਨ੍ਹਾਂ ਧਾਰਨਾਵਾਂ 'ਤੇ ਆਧਾਰਤ ਲੋਕ ਗੀਤ ਨੂੰ ਪੁਨਰ ਪਰਿਭਾਸ਼ਤ ਕੀਤਾ ਜਾ ਸਕਦਾ ਹੈ। ਲੋਕ ਗੀਤ ਲੋਕਧਾਰਾ ਦਾ ਛੰਦ ਪ੍ਰਧਾਨ ਸਰੋਦੀ ਕਿਰਿਆਤਮਕ ਰੂਪ ਹੈ ਜੋ ਵਿਸ਼ੇਸ਼ ਇੱਛਾ ਪੂਰਤੀ ਦੀ ਭਾਵਨਾ ਨਾਲ ਗਾਇਆ ਜਾਂਦਾ ਹੈ। ਕਈ ਵਿਦਵਾਨਾਂ ਨੇ ਛੰਦ ਨੂੰ ਸਿਰਫ਼ ਵਿਆਹ ਦੇ ਗੀਤਾਂ ਵਿਚ ਜਾਂ ਵਿਆਹ ਨੂੰ ਕੇਂਦਰ ਵਿਚ ਰੱਖ ਕੇ ਉਸਰੇ ਛੰਦ ਤਕ ਸੀਮਤ ਕਰ ਦਿੱਤਾ ਹੈ। ਇਹ ਕਥਨ ਦਰੁਸਤ ਨਹੀਂ। ਛੰਦ ਇਕ ਵਿਸ਼ੇਸ਼ ਕਿਸਮ ਦੀ ਲੈਅ-ਮੁਖ ਲੋਕ ਲਹਿਰ ਹੈ, ਜਿਸ ਨੂੰ ਵਿਆਪਕ ਵਰਤਾਰੇ ਵਜੋਂ ਅਨੁਭਵ ਕਰਨਾ ਚਾਹੀਦਾ ਹੈ।

**ਲੋਕ ਗੀਤ ਦੇ ਵਿਸ਼ੇਸ਼ ਲੱਛਣ**

**(ੳ) ਲੋਕਧਾਰਾਈ ਲੱਛਣ** : ਲੋਕ ਗੀਤ ਲੋਕਧਾਰਾ ਦਾ ਕਿਰਿਆਤਮਕ ਰੂਪ ਹੈ, ਇਸ ਲਈ ਇਸ ਵਿਚ ਲੋਕਧਾਰਾ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ।

(1) ਲੋਕ ਗੀਤ ਸਮੂਹਕ ਰਚਨਾ ਹੁੰਦਾ ਹੈ। ਇਸ ਦਾ ਧਰਾਤਲ ਲੋਕ ਸਮੂਹ ਹੈ। ਇਸ ਲਈ ਕੋਈ ਇਕੱਲਾ ਵਿਅਕਤੀ ਇਸ ਨੂੰ ਬਦਲ ਨਹੀਂ ਸਕਦਾ।

(2) ਲੋਕ ਗੀਤ ਪਰੰਪਰਾਗਤ ਹੁੰਦਾ ਹੈ। ਇਹ ਪੀੜ੍ਹੀ ਦਰ ਪੀੜ੍ਹੀ ਆਪਣੇ ਰੂਪ ਅਤੇ ਸੁਨੇਹੇ ਨੂੰ ਲੈ ਕੇ ਅੱਗੇ ਤੁਰਦਾ ਜਾਂਦਾ ਹੈ। ਪਰੰਪਰਾਗਤ ਹੋਣ ਦੇ ਨਾਤੇ ਇਸ ਵਿਚ ਕਈ ਪੀੜ੍ਹੀਆਂ ਦੇ ਤਜਰਬੇ ਅਤੇ ਅਨੁਭਵਾਂ ਦੀ ਅਮੀਰੀ ਹੁੰਦੀ ਹੈ। ਲੋਕ ਗੀਤ ਵਿਚ ਭੂਤ ਨੂੰ ਵਰਤਮਾਨ ਨਾਲ ਜੋੜਨ ਦੀ ਸਮਰੱਥਾ ਹੁੰਦੀ ਹੈ।

(3) ਲੋਕ ਗੀਤ ਪ੍ਰਬੀਨ ਰਚਨਾ ਹੈ। ਇਸ ਬਾਰੇ ਕਿਹਾ ਜਾ ਸਕਦਾ ਹੈ ਕਿ ਸਰਵੋਤਮ ਬੋਲ ਸਰਵੋਤਮ ਕ੍ਰਮ ਵਿਚ ਪਰੋਏ ਹੁੰਦੇ ਹਨ (best words in best order)। ਇਸ ਵਿਚ ਹੁਨਰ ਦੀ ਸਿਖ਼ਰ ਹੁੰਦੀ ਹੈ। ਇਸ ਦਾ ਕ੍ਰਮ ਜਾਂ ਸ਼ਬਦ ਬਦਲਣ ਨਾਲ ਰੂਪ ਵਿਗੜਦਾ ਹੀ ਹੈ। ਉਸ ਵਿਚ ਕੋਈ ਹੋਰ ਸੁਹੱਪਣ ਨਹੀਂ ਹੁੰਦਾ ਹੈ। ਕਿਹਾ ਜਾ ਸਕਦਾ ਹੈ ਕਿ ਲੋਕ ਸਮੂਹ ਦੀ ਇਸ ਵਿਚ ਸਿਖ਼ਰ ਦੀ ਕਾਰੀਗਰੀ ਹੁੰਦੀ ਹੈ।

(4) ਲੋਕ ਗੀਤ ਸਰਵਪ੍ਰਵਾਨ ਹੁੰਦਾ ਹੈ। ਇਹ ਇਕ ਸਮਾਜਕ ਦਾਇਰੇ ਦਾ ਸਾਂਝਾ ਸਰਮਾਇਆ ਹੁੰਦਾ ਹੈ। ਇਹ ਕਿਸੇ ਵਿਸ਼ੇਸ਼ ਵਿਅਕਤੀ ਦੀ ਸਿਰਜਣਾ ਨਹੀਂ ਹੁੰਦਾ। ਜੇ ਕਦੀ ਹੁੰਦੀ ਵੀ ਹੈ ਤਾਂ ਸਮਾਜ ਇਸ ਨੂੰ ਪ੍ਰਵਾਨ ਕਰ ਲੈਂਦਾ ਹੈ। ਇਸ ਪ੍ਰਵਾਨਗੀ ਤੋਂ ਉਪਰੰਤ ਹੀ ਇਹ ਲੋਕ ਦਾ ਰੂਪ ਧਾਰਨ ਕਰਦਾ ਹੈ। ਇਕ ਗੀਤ ਅਤੇ ਲੋਕ ਗੀਤ ਦਾ ਅੰਤਰ ਇਹੀ ਹੈ। ਗੀਤ ਵਿਅਕਤੀਗਤ ਹੋ ਸਕਦਾ ਹੈ ਪਰੰਤੂ ਲੋਕ ਗੀਤ ਦਾ ਅਜਿਹਾ ਹੋਣਾ ਸੰਭਵ ਨਹੀਂ।

(5) ਲੋਕ ਗੀਤ ਨੂੰ ਹਰ ਕੋਈ ਵਿਅਕਤੀ ਰਚ ਨਹੀਂ ਸਕਦਾ ਸਗੋਂ ਪ੍ਰਤਿਭਾਵਾਨ ਵਿਅਕਤੀ ਜਿਸ ਨੂੰ ਗੀਤ ਅਤੇ ਸਰੋਦ ਪਰੰਪਰਾ ਦਾ ਪੂਰਾ ਬੋਧ ਹੋਵੇ, ਉਹ ਹੀ ਗੀਤ ਦੀ ਰਚਨਾ ਕਰ ਸਕਦਾ ਹੈ। ਗੀਤ ਦੀ ਭਾਵਨਾ ਤੇ ਪ੍ਰਕਾਰਜ ਦਾ ਇਕ ਸੁਰ ਰਹਿਣਾ ਜ਼ਰੂਰੀ ਹੈ ਪਰੰਤੂ ਜੇ ਵਿਅਕਤੀ ਗੀਤ ਦੀ ਆਤਮਾ ਨੂੰ ਸਮਝਦਾ ਹੈ ਉਸ ਨੂੰ ਇਕ ਸੰਦਰਭ ਵਿਚ ਪ੍ਰਤਿਭਾਵਾਨ ਆਖਿਆ ਜਾ ਸਕਦਾ ਹੈ। ਸਾਧਾਰਨ ਵਿਅਕਤੀ ਲੋਕ ਗੀਤ ਦੀ ਸਿਰਜਣਾ ਨਹੀਂ ਕਰ ਸਕਦਾ।

(6) ਲੋਕ ਗੀਤ ਇਕ ਸੁਚੱਜੇ ਪ੍ਰਬੰਧ ਵਿਚ ਪਰੋਇਆ ਹੁੰਦਾ ਹੈ। ਇਸ ਪ੍ਰਬੰਧ ਵਿਚ ਗੀਤ ਦਾ ਬੋਲ, ਸ਼ਬਦ, ਬਿੰਬ, ਚੌਗਿਰਦਾ, ਕਿਰਿਆ ਅਤੇ ਪ੍ਰਸਥਿਤੀ ਇਕ ਸਹੁਜਮਈ ਪ੍ਰਬੰਧ ਵਿਚ ਬੱਝੇ ਹੁੰਦੇ ਹਨ, ਇਨ੍ਹਾਂ ਨੂੰ ਗੀਤ ਵਿਚ ਵੱਖ-ਵੱਖ ਅਨੁਭਵ ਕਰਨਾ ਮੁਸ਼ਕਲ ਹੈ। ਇਸ ਸਮੁੱਚੇ ਪ੍ਰਬੰਧ ਦੀ ਅਨੁਭੂਤੀ ਇਕੋ ਸਮੇਂ ਹੁੰਦੀ ਹੈ, ਇਕੱਲੇ ਇਕੱਲੇ ਤੱਤਾਂ ਦੀ ਨਹੀਂ। ਇਸ ਲਈ ਗੀਤ ਇਕ ਸੁਹਜਮਈ ਪ੍ਰਬੰਧ ਵਜੋਂ ਅਨੁਭਵ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਇਹ ਗੀਤ ਲਿਆ ਜਾ ਸਕਦਾ ਹੈ :-

ਮੈਂ ਮਾਝੇ ਦੀ ਜੱਟੀ, ਗੁਲਾਬੂ ਨਿੱਕਾ ਜਿਹਾ
ਕੌਲ ਕਟੋਰੀ ਦੁੱਧ ਨਾ ਪੀਂਦਾ,
ਮੈਂ ਦੁੱਧ ਪੀਂਦੀ ਵੱਟੀ, ਗੁਲਾਬੂ ਨਿੱਕਾ ਜਿਹਾ।
ਇਕ ਛਣਕਣਾ, ਦੋ ਛਣਕਣੇ,
ਫਿਰਦੀ ਹੱਟੀਓ ਹੱਟੀ, ਗੁਲਾਬੂ ਨਿੱਕਾ ਜਿਹਾ।
ਕਾਨੀ ਘੜਾਂ ਦਵਾਤ ਲਿਆਵਾਂ,
ਨਾਲੇ ਪੋਚਾਂ ਫੱਟੀ ਗੁਲਾਬੂ ਨਿੱਕਾ ਜਿਹਾ।
ਰੁੱਸ-ਰੁੱਸ ਬਹਿੰਦਾ, ਮੰਗੇ ਰਿਉੜੀਆਂ।
ਨਾਲ ਗੰਨੇ ਦੀ ਮੱਟੀ, ਗੁਲਾਬੂ ਨਿੱਕਾ ਜਿਹਾ।
ਗੁੱਲੀ ਡੰਡਾ ਖੇਲ੍ਹਣ ਸਿੱਖਿਆ
ਖਾਵਾਂ ਕਿਸ ਦੀ ਖੱਟੀ, ਗੁਲਾਬੂ ਨਿੱਕਾ ਜਿਹਾ।

ਇਹ ਲੋਕ ਗੀਤ ਦਾ ਇਕ ਸੁੱਚਜਾ ਪ੍ਰਬੰਧ ਹੈ, ਜਿਸ ਦਾ ਇਕਹਿਰਾ ਬਿੰਬ ਉਸਰਦਾ ਹੈ। ਇਸ ਵਿਚ ਇਕ ਦੋ ਲਾਈਨਾਂ ਜਾਂ ਸ਼ਬਦ ਜਾਂ ਇਨ੍ਹਾਂ ਦੇ ਹੋਰ ਸ਼ਬਦ ਇਸ ਗੀਤ ਦੇ ਪ੍ਰਬੰਧ ਦਾ ਬਦਲ ਨਹੀਂ ਬਣ ਸਕਦਾ। ਇਹ ਗੀਤ ਆਪਣੇ ਆਪੇ ਵਿਚ ਪ੍ਰਬੰਧ ਹੈ। ਇਹ ਪ੍ਰਬੰਧ ਹੀ ਇਸ ਦੇ ਸੰਚਾਰਤ ਇਕਹਿਰੇ ਤੇ ਸਮੂਰਤ ਬਿੰਬ ਦਾ ਮਾਧਿਅਮ ਹੈ। ਜੇਕਰ ਇਹ ਪ੍ਰਬੰਧ ਨਾ ਹੋਵੇ ਤਾਂ ਗੀਤ ਨਿਰਧਾਰਤ ਭਾਵਾਂ ਨੂੰ ਸੰਚਾਰਤ ਨਹੀਂ ਕਰ ਸਕੇਗਾ।

(7) ਲੋਕ ਗੀਤ ਪਰੱਪਕ ਰਚਨਾ ਹੁੰਦੀ ਹੈ। ਇਸ ਵਿਚ ਸੁਹਜ ਤੇ ਛਾਂਟਵੇ ਅਨੁਭਵ, ਸੁਚੱਜੀ ਸ਼ਬਦ ਯੋਜਨਾ, ਸੁਚੱਜਾ ਸੰਗੀਤ ਪ੍ਰਬੰਧ ਜੋ ਭਾਵਾਂ ਦੇ ਅਨੁਕੂਲ ਹੋਵੇ, ਵਰਤਿਆ ਜਾਂਦਾ ਹੈ। ਇਸ ਲਈ ਲੋਕ ਆਪਣੇ ਅਨੁਭਵਾਂ ਤੇ ਸੂਝ ਅਨੁਸਾਰ ਲੋਕ ਗੀਤ ਨੂੰ ਬਿਹਤਰੀਨ ਸਮੱਗਰੀ ਦੁਆਰਾ ਉਸਾਰਦੇ ਹਨ। ਇਸ ਸਮੱਗਰੀ ਦਾ ਬਦਲ ਨਹੀਂ ਲੱਭਿਆ ਜਾ ਸਕਦਾ। ਕਿਹਾ ਜਾ ਸਕਦਾ ਹੈ ਕਿ ਹਰ ਗੀਤ ਆਪਣੇ-ਆਪ ਵਿਚ ਪਰੱਪਕ ਰਚਨਾ ਹੁੰਦੀ ਹੈ।

(8) ਹਰ ਗੀਤ ਆਪਣੇ ਆਪ ਵਿਚ ਪੂਰਨ ਹੁੰਦਾ ਹੈ। ਉਹ ਜਿਹੜੇ ਵੀ ਭਾਵਾਂ, ਅਨੁਭਵਾਂ ਦੀ ਅਭਿਵਿਅੰਜਨਾ ਕਰਦਾ ਹੈ, ਉਸ ਵਿਚ ਉਹ ਪੂਰਨ ਹੁੰਦੀ ਹੈ। ਲੋਕ ਗੀਤ ਅਧੂਰਾ ਜਾਂ ਅੰਸ਼ਕ ਨਹੀਂ ਹੁੰਦਾ। ਇਹ ਲੱਛਣ, ਗੀਤ ਅਤੇ ਬੋਲੀ ਦੇ ਅੰਤਰ ਨਿਖੇੜ ਲਈ ਵਰਤਿਆ ਜਾ ਸਕਦਾ ਹੈ। ਜਿਵੇਂ ਗੀਤ ਵਿਚ ਗੱਲ ਤੁਰਦੀ ਤੁਰਦੀ ਕਿਤੇ ਦੀ ਕਿਤੇ ਪਹੁੰਚ ਜਾਂਦੀ ਹੈ, ਜਿਹੜੀ ਉਸ ਅਨੁਭਵ ਦੀ ਸੰਪੂਰਨਤਾ ਹੁੰਦੀ ਹੈ। ਜਿਸ ਤਰ੍ਹਾਂ ਇਹ ਲੋਕ ਗੀਤ ਹੈ :

ਕੰਘੀਏ ਨੀ ਸੱਤ ਰੱਤੀਏ; ਕਿਸ ਮੇਰੀ ਨਾਜੋ ਸ਼ਿੰਗਾਰੀ ?
ਮੈਂ ਕੀ ਜਾਣਾਂ ਬਾਉਰੀ, ਜਾ ਕੇ ਨੈਣ ਨੂੰ ਪੁਛੋ।
ਨੈਣੇ ਨੀ ਸੱਤ ਰੱਤੀਏ; ਕਿਸ ਮੇਰੀ ਨਾਜੋ ਸ਼ਿੰਗਾਰੀ ?
ਮੈਂ ਕੀ ਜਾਣਾ ਬਾਉਰੀ, ਜਾ ਕੇ ਮੌਲੀ ਨੂੰ ਪੁਛੋ।
ਮੌਲੀਏ ਨੀ ਰੰਗ ਰੱਤੀਏ; ਕਿਸ ਮੇਰੀ ਨਾਜੋ ਸ਼ਿੰਗਾਰੀ ?
ਮੈਂ ਕੀ ਜਾਣਾ ਬਾਉਰੀ, ਜਾ ਕੇ ਮਹਿੰਦੀ ਨੂੰ ਪੁਛੋ।
ਮਹਿੰਦੀਏ ਨੀ ਰੰਗ ਰੱਤੀਏ, ਕਿਸ ਮੇਰੀ ਨਾਜੋ ਸ਼ਿੰਗਾਰੀ ?
ਮੈਂ ਕੀ ਜਾਣਾ ਬਾਉਰੀ, ਜਾ ਕੇ ਪੰਸਾਰੀ ਨੂੰ ਪੁਛੋ।
ਵੇਖ ਰੇ ਸਰਬ ਸੁਹਾਗਣੇ, ਕਿਸੇ ਮੇਰੀ ਨਾਜੋ ਸ਼ਿੰਗਾਰੀ ?
ਮੈਂ ਕੀ ਜਾਣਾ ਬਾਉਰੀ, ਜਾ ਕੇ ਸੁਨਿਆਰੀ ਨੂੰ ਪੁਛੋ।

ਇਹ ਗੀਤ ਨਾਜੋ ਦੇ ਸ਼ਿੰਗਾਰ ਦੀ ਪੂਰਨ ਅਭਿਵਿਅੰਜਨਾਂ ਕਰਦਾ ਹੈ। ਗੀਤ ਵਿਚ ਜੀਵਤ ਤੇ ਜੜ੍ਹ : ਜਿਵੇਂ ਕੰਘੀ, ਮਹਿੰਦੀ, ਮੌਲੀ ਆਦਿ ਸੰਵਾਦ ਕਰ ਸਕਦੀਆਂ ਹਨ। ਇਸ ਸ਼ਿੰਗਾਰ ਵਿਚ ਜਿਨ੍ਹਾਂ ਆਪਦਾ ਯੋਗਦਾਨ ਪਾਇਆ ਹੈ ਉਨ੍ਹਾਂ ਦੀ ਉਸਤਤੀ ਕੀਤੀ ਗਈ ਹੈ। ਪਰ ਬੋਲੀ ਵਿਚ ਇਹ ਪੂਰਨਤਾ ਦੀ ਘਾਟ ਹੁੰਦੀ ਹੈ। ਉਸ ਵਿਚ ਜੜ੍ਹ ਵਸਤੂਆਂ ਸੰਵਾਦ ਨਹੀਂ ਕਰਦੀਆਂ।

(9) ਲੋਕ ਗੀਤ ਪਰਿਵਰਤਨਸ਼ੀਲ ਹੈ। ਇਹ ਪੁਰਾਣੇ ਤੱਤਾਂ ਦਾ ਤਿਆਗ ਕਰਦਾ ਚਲਿਆ ਜਾਂਦਾ ਹੈ ਅਤੇ ਨਵੇਂ ਅਪਣਾਉਂਦਾ ਚਲਿਆ ਜਾਂਦਾ ਹੈ। ਇਨ੍ਹਾਂ ਪਰਿਵਰਤਨਾਂ ਦੇ ਕਈ ਹੇਤੂ ਕਾਰਨ ਹੁੰਦੇ ਹਨ। ਚੌਗਿਰਦੇ ਵਿਚ ਪਰਿਵਰਤਨ, ਪ੍ਰਸਥਿਤੀਆਂ ਵਿਚ ਪਰਿਵਰਤਨ, ਸਭਿਆਚਾਰਕ ਪ੍ਰਭਾਵ ਜਾਂ ਗਿਆਨ ਦਾ ਬੋਧ ਵਿਕਾਸ। ਇਨ੍ਹਾਂ ਸਾਰੇ ਪਰਿਵਰਤਨਾਂ ਦਾ ਪ੍ਰਭਾਵ ਲੋਕ ਗੀਤ ਕਬੂਲਦਾ ਹੈ। ਇਸ ਕਰਕੇ ਕਿਹਾ ਜਾ ਸਕਦਾ ਹੈ ਕਿ ਲੋਕ ਗੀਤ ਦਾ ਰੂਪ ਲਚਕੀਲਾ ਹੁੰਦਾ ਹੈ। ਇਸ ਵਿਚ ਪੁਰਾਣੇ ਦਾ ਤਿਆਗ ਕਰਨ ਅਤੇ ਨਵੇਂ ਨੂੰ ਸਮਾਉਣ ਦੀ ਸਮੱਰਥਾ ਹੁੰਦੀ ਹੈ, ਇਹ ਸਮੱਰਥਾ ਇਸ ਦਾ ਸੁਭਾਅ ਹੈ। ਇਹ ਤੁਕਾਂ ਲੋਕ ਗੀਤ ਦੇ ਸੁਭਾਉ ਦੀ ਸਹੀ ਅਭਿਵਿਅੰਜਨਾ ਪ੍ਰਤੀਤ ਹੁੰਦੀਆਂ ਹਨ :

ਪਿੱਪਲ ਦੇ ਪੱਤਿਆ ਵੇ, ਕਹੀ ਖੜ ਖੜ ਲਾਈ ਆ।
ਝੜ ਪਉ ਪੁਰਾਣਿਆਂ ਵੇ, ਰੁੱਤ ਨਵਿਆਂ ਦੀ ਆਈ ਆ।

ਜਾਂ

ਪੱਤ ਝੜੇ ਪੁਰਾਣੇ ਵੇ ਰੁੱਤ ਨਵਿਆਂ ਦੀ ਆਈ ਆ।

ਪਰ ਪਿੱਪਲ ਪੁਰਾਣਾ ਹੀ ਰਹਿੰਦਾ ਹੈ, ਜਿਸ ਦੀਆਂ ਜੜ੍ਹਾਂ ਡੂੰਘੀਆਂ ਧਰਤੀ ਵਿਚ ਜੜ੍ਹੀਆਂ ਰਹਿੰਦੀਆਂ ਹਨ। ਜਿਵੇਂ ਲੋਕ ਗੀਤ ਦੀਆਂ ਜੜ੍ਹਾਂ ਡੂੰਘੀ ਪਰੰਪਰਾ ਵਿਚ ਧਸੀਆਂ ਰਹਿੰਦੀਆਂ ਹਨ।

---

ਪਾਠ ਨੰ. 1.4 ਲੇਖਕ : ਡਾ. ਭੁਪਿੰਦਰ ਸਿੰਘ ਖਹਿਰਾ

---

# ਲੋਕ ਕਥਾਵਾਂ

**ਮੰਤਵ**

ਇਸ ਪਾਠ ਦਾ ਮੰਤਵ ਕਥਾਵਾਂ ਦੀ ਵਿਉਂਤਪਤੀ, ਸੰਕਲਪ ਅਤੇ ਸਥਾਪਤ ਧਾਰਨਾਵਾਂ ਬਾਰੇ ਜਾਣਕਾਰੀ ਕਰਾਉਣਾ ਹੈ। ਇਸ ਤੋਂ ਲੋਕ ਕਥਾਵਾਂ ਦੇ ਮਹੱਤਵ ਅਤੇ ਯਥਾਰਥ ਬਾਰੇ ਵੀ ਸੰਖੇਪ ਚਰਚਾ ਕੀਤੀ ਜਾਵੇਗੀ। ਇਸ ਤੋਂ ਬਾਅਦ ਪੰਜਾਬੀ ਵਿਚ ਲੋਕ ਕਥਾਵਾਂ ਬਾਰੇ ਪ੍ਰਚਲਿਤ ਸੰਕਲਪ ਬਾਰੇ ਚਰਚਾ ਕਰਕੇ, ਲੋਕ ਕਥਾਵਾਂ ਦੀਆਂ ਵਿਭਿੰਨ ਵੰਨਗੀਆਂ ਦੀ ਚਰਚਾ ਕੀਤੀ ਜਾਵੇਗੀ। ਅੰਤ ਵਿਚ ਪੰਜਾਬੀ ਲੋਕ ਕਥਾਵਾਂ ਦੇ ਪ੍ਰਮੁੱਖ ਵਰਗਾਂ ਦੇ ਵਿਸ਼ੇ ਅਤੇ ਉਨ੍ਹਾਂ ਦੀ ਸਾਰ-ਜੁਗਤ ਬਾਰੇ ਚਰਚਾ ਕੀਤੀ ਜਾਵੇਗੀ।

**ਰੂਪ-ਰੇਖਾ**

ਪਾਠ ਦੇ ਸ਼ੁਰੂ ਵਿਚ ਵੱਖ ਵੱਖ ਵਿਦਵਾਨਾਂ ਦੁਆਰਾ ਵਿਅਕਤ ਕੀਤੇ ਗਏ ਲੋਕ ਕਥਾਵਾਂ ਬਾਰੇ ਵਿਚਾਰ ਪੇਸ਼ ਕੀਤੇ ਗਏ ਹਨ। ਉਸ ਤੋਂ ਬਾਅਦ ਪੰਜਾਬੀ ਵਿਚ ਪ੍ਰਚਲਿਤ ਲੋਕ ਕਥਾਵਾਂ ਦਾ ਸੰਕਲਪ ਅਤੇ ਪਰਿਭਾਸ਼ਾ ਬਿਆਨ ਕੀਤੀ ਗਈ ਹੈ। ਲੋਕ ਕਥਾਵਾਂ ਦੀ ਮਹੱਤਤਾ ਅਤੇ ਯਥਾਰਥ 'ਤੇ ਵਿਚਾਰ ਕਰਨ ਉਪਰੰਤ ਲੋਕ ਕਥਾਵਾਂ ਦੀਆਂ ਵਿਭਿੰਨ ਵੰਨਗੀਆਂ ਬਾਰੇ ਵਿਚਾਰ ਕੀਤੀ ਗਈ ਹੈ। ਇਸ ਤੋਂ ਬਾਅਦ ਪੰਜਾਬੀ ਵਿਚ ਪ੍ਰਮੁੱਖ ਕਥਾ ਸਮੂਹਾਂ ਦਾ ਨਿਖੇੜ ਕਰਕੇ, ਹਰ ਕਥਾ-ਸਮੂਹ ਦੀਆਂ ਵਿਲੱਖਣਤਾਵਾਂ ਬਾਰੇ ਵਿਚਾਰ ਕੀਤਾ ਗਿਆ ਹੈ।

**ਮੂਲ ਪਾਠ**

ਲੋਕ ਕਥਾਵਾਂ ਅਮਲੀ ਜੀਵਨ ਦੀ ਸਿਰਜਨਾ ਹਨ ਅਤੇ ਅਮਲੀ ਜੀਵਨ ਨੂੰ ਪ੍ਰਤਿਬਿੰਬਤ ਕਰਦੀਆਂ ਹਨ। ਕਈ ਵਿਦਵਾਨਾਂ ਨੇ ਲੋਕ ਕਥਾਵਾਂ ਨੂੰ ਸਭਿਆਚਾਰ ਦਾ ਸ਼ੀਸ਼ਾ ਕਿਹਾ ਹੈ। ਲੋਕ ਕਥਾਵਾਂ ਜੀਵਨ ਦੀ ਵਿਆਖਿਆ ਹੀ ਨਹੀਂ ਕਰਦੀਆਂ ਸਗੋਂ ਇਹ ਪੱਥ ਪ੍ਰਦਰਸ਼ਕ ਵੀ ਹਨ ਲੋਕ ਕਥਾਵਾਂ ਸਮਾਜਕ ਮਨੁੱਖ ਦੀ ਸੂਝ ਤੇ ਅਭਿਵਿਅਕਤੀ ਨੂੰ ਜੋੜਨ ਵਾਲੀ ਸਰਬ ਸਾਂਝੀ ਕੜੀ ਹੈ। ਲੋਕ ਕਥਾਵਾਂ ਸਮੁੱਚੇ ਸਭਿਆਚਾਰਕ ਵਰਤਾਰੇ ਨੂੰ ਪ੍ਰਪੱਕਤਾ ਪ੍ਰਦਾਨ ਕਰਦੀਆਂ ਹਨ। ਲੋਕ ਕਥਾਵਾਂ ਦੀ ਸਾਰਥਕ ਵਿਆਖਿਆ ਲਈ ਅਤੇ ਇਨ੍ਹਾਂ ਨੂੰ ਇਕ ਵਰਤਾਰੇ (Phenomenen) ਵਜੋਂ ਸਮਝਣ ਲਈ ਲੋਕ ਕਥਾਵਾਂ ਦੀ ਥਾਂ ਪਦ ਮਿਥਿਕ ਕਥਾਵਾਂ ਵਰਤਿਆ ਜਾ ਸਕਦਾ ਹੈ, ਕਿਉਂਕਿ ਮਿਥਿਕ ਕਥਾ ਲੋਕ-ਕਥਾ ਦਾ ਸਰਵ-ਸਾਂਝਾ ਅਤੇ ਸਰਵ ਪ੍ਰਵਾਨਿਆ ਵਰਤਾਰਾ ਹੈ। ਲੋਕ ਕਥਾ ਦੇ ਵਿਭਿੰਨ ਰੂਪ ਅਤੇ ਭੇਦ ਇਸ ਵਰਤਾਰੇ ਦਾ ਇਕ ਅਨਿੱਖੜ ਅੰਗ ਹਨ।

ਪੰਜਾਬੀ ਵਿਚ ਸ਼ਬਦ 'ਮਿਥਿਹਾਸ' ਪ੍ਰਚਲਿਤ ਹੈ। ਅੰਗਰੇਜ਼ੀ ਦੇ ਪਦ ਮਿਥ (Myth) ਲਈ ਪੰਜਾਬੀ ਵਿਚ ਮਿਥਿਹਾਸਕ ਕਲਾ ਪਦ ਵਰਤਿਆ ਜਾਂਦਾ ਹੈ। ਮਿਥ, ਕਥਾ ਅਤੇ ਵਰਤਾਰੇ ਵਿਚ ਕੋਈ ਬੁਨਿਆਦੀ ਨਿਖੇੜ ਕਰਨਾ ਸੰਭਵ ਨਹੀਂ।

**ਲੋਕ ਕਥਾਵਾਂ ਦਾ ਸਰੂਪ**

ਲੋਕ ਕਥਾਵਾਂ ਦੀਆਂ ਪੰਜਾਬੀ ਵਿਚ ਕਈ ਵੰਨਗੀਆਂ ਪ੍ਰਚੱਲਿਤ ਹਨ। ਇਕ ਪੱਖ ਤੋਂ ਦੇਖਿਆ ਇਨ੍ਹਾਂ ਵਿਚ ਅੰਤਰ ਪ੍ਰਤੀਤ ਹੁੰਦਾ ਹੈ ਪਰੰਤੂ ਜਦੋਂ ਇਨ੍ਹਾਂ ਨੂੰ ਇਕ ਵਰਤਾਰੇ ਦੇ ਪੱਖੋਂ ਦੇਖਿਆ ਜਾਂਦਾ ਹੈ ਤਾਂ ਇਨ੍ਹਾਂ ਵਿਚ ਕੋਈ ਅੰਤਰ ਨਿਖੇੜ ਕਰ ਸਕਣਾ ਸੰਭਵ ਨਹੀਂ। ਇਸ ਲਈ ਪਹਿਲਾ ਲੋਕ ਕਥਾਵਾਂ ਦਾ ਸਰੂਪ ਨਿਸ਼ਚਿਤ ਕਰਨਾ ਬਹੁਤ ਜ਼ਰੂਰੀ

ਹੈ। ਲੋਕ ਕਥਾਵਾਂ ਲਈ ਪੰਜਾਬੀ ਵਿਚ ਕਈ ਸ਼ਬਦ ਪ੍ਰਚਲਿਤ ਹਨ। ਜਿਵੇਂ ਬਾਤ (Folk tale), ਗਾਥਾ (Legend), ਅਤੇ ਕਥਾ (Myth)। ਲੋਕ ਕਥਾ ਦਾ ਸਰੂਪ ਸਪੱਸ਼ਟ ਕਰਨ ਲਈ ਇਨ੍ਹਾਂ ਦਾ ਆਪਸੀ ਰਿਸ਼ਤਾ ਸਪੱਸ਼ਟ ਕਰਨਾ ਬਹੁਤ ਜ਼ਰੂਰੀ ਹੈ।

ਕਈ ਸਮਾਜ ਬਾਤਾਂ, ਗਾਥਾਵਾਂ ਅਤੇ ਕਥਾਵਾਂ ਵਿਚ ਅੰਤਰ ਨਿਖੇੜ ਕਰਦੇ ਹਨ। ਇਹ ਨਿਖੇੜ ਰੂਪਕੀ ਹੀ ਨਹੀਂ ਹੁੰਦਾ ਸਗੋਂ ਕਾਰਜਾਤਮਕ ਹੁੰਦਾ ਹੈ। ਪਰੰਤੂ ਕਈ ਸਮਾਜ ਇਨ੍ਹਾਂ ਤਿੰਨਾਂ ਵੰਨਗੀਆਂ ਵਿਚ ਕੋਈ ਅੰਤਰ ਨਿਖੇੜ ਹੀ ਨਹੀਂ ਕਰਦੇ। ਕਈ ਰੂਪਕੀ ਪੱਧਰ 'ਤੇ ਕਰਦੇ ਹਨ ਪਰ ਕਾਰਜਾਤਮਕ ਪੱਧਰ 'ਤੇ ਨਹੀਂ ਕਰਦੇ। ਕਈ ਕਾਰਜਾਤਮਕ ਪੱਧਰ 'ਤੇ ਕਰਦੇ ਹਨ ਪਰ ਰੂਪਕੀ ਪੱਧਰ 'ਤੇ ਇਹ ਅੰਦਰ ਵਿਅਕਤ ਨਹੀਂ ਕਰਦੇ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਲੋਕ-ਕਥਾ ਦਾ ਸਰੂਪ ਸਮਾਜ ਦੇ ਸਮੂਹਕ ਹੁੰਗਾਰੇ ਦੁਆਰਾ ਨਿਸ਼ਚਿਤ ਹੁੰਦਾ ਹੈ।

ਲੋਕਧਾਰਾ ਅਤੇ ਸਭਿਆਚਾਰ ਦੇ ਪ੍ਰਸਿੱਧ ਵਿਦਵਾਨ ਮਲੀਨੋਵਸਕੀ (1926) ਅਨੁਸਾਰ ਟ੍ਰੌਬੈਂਡ ਟਾਪੂਆਂ ਦੇ ਲੋਕ ਬਾਤਾਂ, ਗਾਥਾਵਾਂ ਅਤੇ ਕਥਾਵਾਂ ਵਿਚਕਾਰ ਅੰਤਰ ਨਿਖੇੜ ਕਰਦੇ ਹਨ। ਬਾਤਾਂ ਨਵੰਬਰ ਮਹੀਨੇ ਵਿਚ ਪਾਈਆਂ ਜਾਂਦੀਆਂ ਹਨ। ਨਵੰਬਰ ਦਾ ਮਹੀਨਾ ਫ਼ਸਲਾਂ ਦੀ ਬਿਜਾਈ ਦਾ ਸਮਾਂ ਹੁੰਦਾ ਹੈ। ਇਨ੍ਹਾਂ ਲੋਕਾਂ ਦਾ ਵਿਸ਼ਵਾਸ ਹੈ ਕਿ ਬਾਤਾਂ ਉਨ੍ਹਾਂ ਦੀ ਫਸਲਾਂ ਹੀ ਉਪਜਤਾ ਵਿਚ ਵਾਧਾ ਕਰਦੀਆਂ ਹਨ। ਇਹ ਲੋਕ ਬਾਤਾਂ ਨੂੰ 'ਕੁਕਵਾਨੇਬੂ' ਕਹਿੰਦੇ ਹਨ। ਕਥਾਵਾਂ ਨੂੰ ਉਹ 'ਲਿੰਗਵੋਗਵੋ' ਕਹਿੰਦੇ ਹਨ। ਗਾਥਾਵਾਂ ਉਨ੍ਹਾਂ ਦੇ ਵਿਸ਼ਵਾਸ ਅਨੁਸਾਰ ਸੱਚੀਆਂ ਘਟਨਾਵਾਂ ਹਨ ਅਤੇ ਸਮਾਜਕ ਯਥਾਰਥ ਦਾ ਅਟੁੱਟ ਅੰਗ ਹਨ। ਉਹ ਲੋਕ ਕਿਆਸ ਕਰਦੇ ਹਨ ਕਿ ਉਨ੍ਹਾਂ ਦੇ ਵਡਾਰੂਆਂ ਨੇ ਇਹ ਸੱਚ ਆਪਣੇ ਸਿਰ 'ਤੇ ਹੰਢਾਇਆ ਹੈ। ਕਥਾਵਾਂ ਨੂੰ ਉਹ ਲੋਕ 'ਲਿਲੀਉ' ਕਹਿੰਦੇ ਹਨ। ਇਹ ਸੱਚੀਆਂ ਅਤੇ ਪਵਿੱਤਰ ਕਿਆਸ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਦਾ ਉਚਾਰਨ ਖਾਸ ਖਾਸ ਮੌਕਿਆ ਉਪਰ ਕੀਤਾ ਜਾਂਦਾ ਹੈ।

ਪ੍ਰਸਿੱਧ ਮਾਨਵ-ਵਿਗਿਆਨੀ ਲੈਵੀ ਸਤਰੋਸ (1978) ਇਸ ਅੰਤਰ ਨੂੰ ਸਵੀਕਾਰ ਕਰਦਾ ਹੈ। ਲੈਵੀ ਸਤਰੋਸ ਅਨੁਸਾਰ, ਬਾਤਾਂ ਦੀ ਉਸਾਰੀ ਮਿਥਿਕ ਕਥਾਵਾਂ ਨਾਲੋਂ ਕਮਜ਼ੋਰ ਵਿਰੋਧਾਂ 'ਤੇ ਹੋਈ ਹੁੰਦੀ ਹੈ। ਬਾਤਾਂ ਬ੍ਰਹਿਮੰਡੀ, ਪਰਾਭੌਤਿਕੀ ਅਤੇ ਕੁਦਰਤੀ ਨਹੀਂ ਸਗੋਂ ਇਨ੍ਹਾਂ ਦਾ ਸੁਭਾਉ ਸਥਾਨਕ, ਸਮਾਜਿਕ ਨੈਤਿਕ ਕਿਸਮ ਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਥਾ ਬਾਤ ਤੋਂ ਪੁਰਾਣੀ ਹੈ। ਪਰੰਤੂ ਇਹ ਪੁਰਾਤਨਤਾ ਦਾ ਸੰਕਲਪ ਅੰਤਰਮੁਖਤਾ ਅਤੇ ਬਾਹਰਮੁਖਤਾ ਦਾ ਨਹੀਂ ਅਤੇ ਨਾ ਹੀ ਪੁਨਰ-ਨਿਰਮਾਣ ਦਾ ਹੈ, ਸਗੋਂ ਇਹ ਤਾਂ ਪੂਰਕ ਦਾ ਹੈ। ਬਾਤਾਂ ਅਤੇ ਕਥਾਵਾਂ ਵਿਚ ਅੰਤਰ ਨਿਖੇੜ ਕਰਨਾ ਸੰਭਵ ਨਹੀਂ। ਬਾਤਾਂ ਛੋਟੀਆਂ ਕਥਾਵਾਂ ਹਨ, ਜਿਥੇ ਵਿਆਪਕ ਵਿਰੋਧ ਛੋਟੇ ਅਤੇ ਸਥਾਨਕ ਪੱਧਰ 'ਤੇ ਉਠਾਏ ਜਾਂਦੇ ਹਨ।

ਵਾਲਦੀਮੀਰ ਪਰੋਪ (V. Propp. 1970) ਦਾ ਕਥਨ ਹੈ ਕਿ ਬਾਤਾਂ ਅਤੇ ਕਥਾਵਾਂ ਨੂੰ ਅੱਡ ਅੱਡ ਕਰਨ ਦਾ ਠੋਸ ਆਧਾਰ ਨਹੀਂ। ਇਨ੍ਹਾਂ ਦੋਹਾਂ ਵਿਚ ਸਮਾਜ ਨਿੱਜੀ ਤੌਰ 'ਤੇ ਅੰਤਰ ਕਰ ਸਕਦੇ ਹਨ। ਪਰ ਪਰੋਪ, ਲੈਵੀ ਸਤਰੋਸ ਦੀ ਤਰ੍ਹਾਂ ਬਾਤਾਂ ਅਤੇ ਕਥਾਵਾਂ ਦਾ ਰੂਪਕੀ ਪੱਧਰ 'ਤੇ ਰਿਸ਼ਤਾ ਤਹਿ ਨਹੀਂ ਕਰ ਸਕਿਆ। ਪਰੋਪ ਬਾਤਾਂ ਅਤੇ ਕਥਾਵਾਂ ਨੂੰ ਇਕੋ ਰੁੱਖ ਦੀਆਂ ਟਹਿਣੀਆਂ ਸਵੀਕਾਰ ਕਰਦਾ ਹੈ। ਅੰਤਰ ਛੋਟੀ ਵੱਡੀ ਦਾ ਹੈ, ਕਿਸਮ ਦਾ ਨਹੀਂ।

ਪੰਜਾਬੀ ਸਮਾਜ ਬਾਤ ਅਤੇ ਗਾਥਾ ਵਿਚ ਅੰਤਰ ਨਿਖੇੜ ਕਰਦਾ ਹੈ। ਪਰ ਇਹ ਅੰਤਰ ਬਾਤ ਅਤੇ ਕਥਾ ਵਿਚ ਸਪੱਸ਼ਟ ਨਹੀਂ। ਜੇਕਰ ਅਸੀਂ ਵਿਅਕਤ ਕੀਤੇ ਗਏ ਵਿਰੋਧਾਂ ਦੀ ਵੰਨਗੀ ਨੂੰ ਪਰਖੀਏ, ਇਸ ਪਰਖ ਨੂੰ ਲੋਕ-ਹੁੰਗਾਰੇ ਤੇ ਵਰਤਾਰੇ ਦੀ ਵੰਨਗੀ ਦੇ ਸੰਦਰਭ ਵਿਚ ਰੱਖ ਕੇ ਤੋਲੀਏ, ਤਾਂ ਇਨ੍ਹਾਂ ਤਿੰਨਾਂ ਰੂਪਾਂ ਵਿਚ ਪੰਜਾਬੀ ਲੋਕਾਂ ਦੁਆਰਾ ਕੋਈ ਅੰਤਰ ਨਹੀਂ ਕੀਤਾ ਜਾਂਦਾ। ਗਾਥਾ ਅਤੇ ਬਾਤ, ਕਥਾ ਦੇ ਸਹਿਕਾਰੀ ਰੂਪ ਕਹੇ ਜਾ ਸਕਦੇ ਹਨ। ਪਰ ਜੇਕਰ ਇਨ੍ਹਾਂ ਰੂਪਾਂ ਦਾ ਵਿਆਪਕ ਤੁਲਨਾਤਮਕ ਅਧਿਐਨ ਕੀਤਾ ਜਾਵੇ ਤਾਂ ਅਸੀਂ ਇਨ੍ਹਾਂ ਤਿੰਨਾਂ ਰੂਪਾਂ ਦੇ ਧੁੰਦਲੇ ਜਿਹੇ ਅਕਸ਼ ਨਿਖੇੜ ਸਕਦੇ ਹਾਂ।

ਡਾ. ਕਰਨੈਲ ਸਿੰਘ ਥਿੰਦ (1973) ਨੇ ਪੁਰਾਣ ਕਥਾ ਅਤੇ ਅਵਦਾਨ ਵਿਚ ਭੇਦ ਕਰਨ ਦਾ ਯਤਨ ਕੀਤਾ ਹੈ। ਇਸ ਤੋਂ ਅਗਾਂਹ ਡਾ. ਥਿੰਦ ਨੇ ਅਵਦਾਨ ਨੂੰ ਅੰਗਰੇਜ਼ੀ ਪੱਦ ਲੈਜੰਡ (Legend) ਦੇ ਸਮਾਨਾਅੰਤਰ ਅਪਣਾਇਆ ਹੈ। ਡਾ. ਥਿੰਦ ਕੋਲ ਇਸ ਵੰਡ ਦਾ ਕੋਈ ਵਿਗਿਆਨਕ ਆਧਾਰ ਨਹੀਂ। ਇਹ ਹੀ ਨਹੀਂ ਉਨ੍ਹਾਂ ਦਾ ਅਵਦਾਨ ਅਤੇ ਲੈਜੰਡ ਨੂੰ ਸਮਾਨ ਅੰਤਰ ਰੱਖਣਾ ਬਿਲਕੁਲ ਗਲਤ ਹੈ। ਪਹਿਲੀ ਗੱਲ ਤਾਂ ਇਹ ਕਿ ਕਿਸੇ ਲੋਕਧਾਰਾ ਵਿਗਿਆਨੀ ਨੂੰ ਇਹ ਅਧਿਕਾਰ ਨਹੀਂ ਹੁੰਦਾ ਕਿ ਜਿਹੜਾ ਸਮਾਜ ਪ੍ਰਸਤਾਵਿਤ ਵੰਨਗੀਆਂ ਵਿਚ ਕੋਈ ਭੇਦ ਨਹੀਂ ਕਰਦਾ, ਉਹ ਖੁਦ ਭੇਦ ਕਰਕੇ ਉਸ ਦੇ ਸਿਰੇ

ਠੋਸੇ। ਪੰਜਾਬੀ ਲੋਕ ਅਵਦਾਨ ਦੇ ਤਾਂ ਨਾਂ ਤੋਂ ਹੀ ਵਾਕਫ਼ ਨਹੀਂ ਹਨ। ਇਸੇ ਤਰ੍ਹਾਂ ਪੰਜਾਬੀ ਪੁਰਾਣ ਕਥਾ ਨੂੰ ਵੀ ਉਸ ਕਥਾ ਵਜੋਂ ਹੀ ਸਵੀਕਾਰ ਕਰਦੇ ਹਨ, ਜਿਹੜੀ ਪੁਰਾਣ ਸਾਹਿਤ ਨਾਲ ਸੰਬੰਧਤ ਹੋਵੇ। ਅੰਗਰੇਜ਼ੀ ਪਦ ਲੈਜੰਡ ਦਾ ਆਮ ਪ੍ਰਚੱਲਤ ਪਦ ਗਾਥਾ ਹੈ। ਗਾਥਾ ਵਿਚ ਬਿਰਤਾਂਤ ਦਾ ਗਾਇਨ ਪ੍ਰਧਾਨ ਹੁੰਦਾ ਹੈ। ਸੋ ਡਾ. ਥਿੰਦ ਦੁਆਰਾ ਕੀਤੀ ਗਈ ਵੰਡ ਤੀਰ-ਤੁੱਕਾ ਹੈ। ਇਸ ਦਾ ਕੋਈ ਵਿਗਿਆਨਕ ਆਧਾਰ ਨਹੀਂ।

ਆਮ ਤੌਰ 'ਤੇ ਬਾਤ ਸਮਾਜ ਅੱਗੇ ਦਰਪੇਸ਼ ਸਮਾਜਕ ਔਕੜਾਂ ਵਿਰੋਧਾਂ ਵਿਚੋਂ ਪੈਦਾ ਹੁੰਦੀ ਹੈ। ਇਹ ਸਮਾਜਕ ਰਿਸ਼ਤੇ ਨਾਤਿਆਂ, ਸੰਬੰਧਾਂ ਅਤੇ ਜੁਗਤ ਨੂੰ ਪ੍ਰਗਟ ਕਰਦੀ ਹੈ। ਇਸ ਦੇ ਪਾਤਰ ਭਾਵੇਂ ਕਲਪਤ ਹੀ ਕਿਉਂ ਨਾ ਕੀਤੇ ਗਏ ਹੋਣ, ਸਮਾਜਕ ਯਥਾਰਥ ਵੱਲ ਸੰਕੇਤ ਕਰਦੇ ਹਨ। ਗਾਥਾ ਖਾਸਕਰ ਸਮਾਜਕ ਪਰਿਵਰਤਨ ਦੇ ਦੌਰ ਵਿਚ ਉਤਪੰਨ ਹੁੰਦੀ ਹੈ। ਗਾਥਾ ਦੀ ਉਤਪੱਤੀ ਸਮਾਜਕ ਵਿਕਾਸ ਦਾ ਇਕ ਖਾਸ ਪੜਾਅ ਹੈ। ਇਹ ਪੜਾਅ ਨਿਸ਼ਚਿਤ ਨਹੀਂ, ਇਹ ਕਿਸੇ ਸਮਾਜਕ ਵਿਕਾਸ ਦੀ ਨਿਰੰਤਰਤਾ ਵਿਚ ਇਕ ਤੋਂ ਵੱਧ ਵਾਰ ਆ ਸਕਦਾ ਹੈ। ਬਾਤ ਅਤੇ ਕਥਾ ਲੋਕ ਵਿਸ਼ਵਾਸ਼ਾਂ ਦਾ ਨਿਰੰਤਰ ਵਹਿਣ ਹਨ। ਬਾਤ ਅਤੇ ਗਾਥਾ ਵਿਚ ਕੋਈ, ਅੰਤਰ ਨਹੀਂ ਰਹਿੰਦਾ ਜੇਕਰ ਇਹ ਗਾਈ ਨਾ ਗਈ ਹੋਵੇ। ਜਦੋਂ ਗਾਥਾ ਕਥਾ ਦਾ ਰੂਪ ਧਾਰਨ ਕਰਦੀ ਹੈ ਤਾਂ ਇਹ ਕਥਾ ਦੇ ਸਮਾਨ ਹੀ ਕਾਰਜ ਕਰਦੀ ਹੈ।

ਪੰਜਾਬੀ ਮਨ ਕਥਾ ਅਤੇ ਬਾਤ ਵਿਚ ਤਾਂ ਭੇਦ ਕਰਦਾ ਹੈ ਪਰ ਕਈ ਥਾਂ ਇਹ ਭੇਦ ਵੀ ਲੁਪਤ ਹੋ ਜਾਂਦਾ ਹੈ। ਬਾਤ ਪਦ ਸਰਵ-ਸਧਾਰਨ, ਸਮਾਜਕ ਵਰਤਾਰੇ, ਅਚੰਭਤ ਵਰਤਾਰੇ, ਲੋਕ ਵਿਸ਼ਵਾਸ ਅਤੇ ਕਲਪਨਾ ਦੀ ਵਿਆਖਿਆ ਲਈ ਉਸਾਰੀ ਕਥਾ ਲਈ ਹੀ ਵਰਤਿਆ ਜਾਂਦਾ ਹੈ। ਗਾਥਾ ਗਾਇਨ ਕੀਤੀ ਜਾਣ ਵਾਲੀ ਸੂਰਮਗਤੀ ਦੀ ਘਟਨਾ, ਜਾਂ ਮਹਾਂਪੁਰਖ ਦੀ ਜੀਵਨੀ ਨਾਲ ਸਬੰਧਿਤ ਹੋ ਸਕਦੀ ਹੈ। ਵਰਤਾਰੇ ਦੇ ਪੱਧਰ 'ਤੇ ਇਹ ਸਾਰੇ ਰੂਪ ਅਭੇਦ ਹਨ। ਇਸ ਪੱਧਰ 'ਤੇ ਇਨ੍ਹਾਂ ਵਿਚ ਭੇਦ ਕਰ ਸਕਣਾ ਸੰਭਵ ਨਹੀਂ। ਇਕ ਹੀ ਬਾਤ ਧਾਰਮਕ ਸੰਦਰਭ ਵਿਚ ਕਥਾ ਅਤੇ ਸਮਾਜਕ ਸੰਦਰਭ ਵਿਚ ਬਾਤ ਅਤੇ ਗਾਇਨ ਕਰਕੇ ਗਾਥਾ ਬਣ ਸਕਦੀ ਹੈ। ਜਿਸ ਤਰ੍ਹਾਂ ਪੂਰਨ ਭਗਤ ਦੀ ਕਥਾ ਦੇ ਤਿੰਨੇ ਰੂਪ ਪ੍ਰਚਲਿਤ ਹਨ। ਇਸ ਲਈ ਪੰਜਾਬੀ ਵਿਚ ਲੋਕ ਕਥਾਵਾਂ ਦਾ ਭਾਵ ਬਾਤ, ਗਾਥਾ ਅਤੇ ਕਥਾ ਤਿੰਨਾਂ ਤੋਂ ਲਿਆ ਜਾਂਦਾ ਹੈ। ਇਹ ਤਿੰਨੇ ਵਰਤਾਰੇ ਦੇ ਪੱਧਰ 'ਤੇ ਇੱਕ ਹਨ। ਇਸ ਲਈ ਇਸ ਵਰਤਾਰੇ ਨੂੰ ਮਿਥਿਕ ਕਥਾ ਆਖਿਆ ਜਾ ਸਕਦਾ ਹੈ।

**ਮਿਥਿਕ-ਕਥਾ ਦੀ ਪਰਿਭਾਸ਼ਾ**

ਮਿਥਿਕ-ਕਥਾ ਪਦ ਪੰਜਾਬੀ ਦੇ ਸੰਯੁਕਤ ਕਥਾ ਵਰਤਾਰੇ ਲਈ ਵਰਤਿਆ ਗਿਆ ਹੈ। ਮਿਥਿਕ ਕਥਾ ਅੰਗਰੇਜ਼ੀ ਸ਼ਬਦ (Myth) ਦੇ ਪੰਜਾਬੀ ਪਰਿਆਇ ਵਜੋਂ ਵਰਤਿਆ ਗਿਆ ਹੈ। ਡਾ. ਕਰਨੈਲ ਸਿੰਘ ਥਿੰਦ (1973) ਅਨੁਸਾਰ ਪੰਜਾਬੀਆਂ ਨੇ ਆਪਣੀ ਵਿਸ਼ੇਸ਼ ਪ੍ਰਤਿਭਾ ਅਨੁਸਾਰ ਇਤਿਹਾਸ ਦੀ ਸੁਦ੍ਰਿਸ਼ਤਾ ਉਤੇ ਇਕ ਸ਼ਬਦ 'ਮਿਥਿਹਾਸ' ਘੜ ਲਿਆ ਹੈ, ਜੋ ਮਾਈਥਾਲੋਜੀ (Mythology) ਦਾ ਪਰਿਆਇਵਾਚੀ ਹੈ। ਮਿਥ ਲਈ ਪੰਜਾਬੀ ਵਿਚ 'ਮਿਥਿਹਾਸਕ ਕਹਾਣੀ' ਜਾਂ 'ਮਿਥਿਹਾਸਕ' ਕਥਾ ਪਦ ਵਰਤਿਆ ਜਾਂਦਾ ਹੈ। ਬੇਸ਼ੱਕ 'ਮਿੱਥ' ਅਤੇ 'ਕਥਾ' ਦੇ ਵਰਤਾਰੇ ਵਿਚ ਬਹੁਤ ਭੇਦ ਨਹੀਂ ਪਰ ਕਥਾ ਸ਼ਬਦ ਬਹੁਅਰਥਾਂ ਵਿਚ ਵਰਤਿਆ ਜਾਂਦਾ ਹੈ। ਇਸ ਲਈ ਇਕੱਲੇ ਕਥਾ ਸ਼ਬਦ ਵੀ ਵਰਤੋਂ ਕਿਸੇ ਵਰਤਾਰੇ ਦੀ ਸੀਮਾ ਨਿਰਧਾਰਤ ਨਹੀਂ ਕਰਦੀ।

ਅੰਗਰੇਜ਼ੀ ਪਦ 'ਮਿਥ' (Myth) ਇਕ ਖਾਸ ਤਰ੍ਹਾਂ ਦੇ ਵਰਤਾਰੇ ਨੂੰ ਨਿਰਧਾਰਤ ਕਰਦਾ ਹੈ। ਅੰਗਰੇਜ਼ੀ ਅਤੇ ਫ਼ਰਾਂਸੀਸੀ ਸ਼ਬਦ ਲਾਤੀਨੀ ਸ਼ਬਦ 'ਮੁਇਸ' ਤੋਂ ਪਰਿਵਰਤ ਹੋਇਆ ਹੈ ਜਿਸ ਦਾ ਅਰਥ ਹੈ ਬੋਲਣਾ, ਕਹਾਣੀ ਕਰਨਾ, ਨੀਤੀ ਕਹਾਣੀ ਦੱਸਣਾ ਆਦਿ। ਮਿੱਥ ਸ਼ਬਦ ਪੁਰਾਤਨ ਸਲਾਵਕ ਦੇ (Mylse) ਦਾ ਵੀ ਵਿਗੜਿਆ ਰੂਪ ਹੋ ਸਕਦਾ ਹੈ ਜਿਸ ਦਾ ਅਰਥ ਹੈ ਵਿਚਾਰਨਾ ਜਾਂ ਘੋਖਣਾ। ਇਸ ਤਰ੍ਹਾਂ ਪੰਜਾਬੀ ਵਿਚ ਸ਼ਬਦ ਕਥਾ ਦੇ ਵਿਭਿੰਨ ਅਰਥ ਹਨ। ਕਥਾ ਦਾ ਪ੍ਰਚਲਿਤ ਅਰਥ ਹੈ ਬਾਤ, ਪ੍ਰਸੰਗ ਵਿਆਖਿਆ ਕਿਸੇ ਵਾਕ ਦੇ ਸ਼ਬਦਾਂ ਦਾ ਵਰਣਨ ਕਰਨਾ। ਪੰਜਾਬੀ ਵਿਚ ਸ਼ਬਦ 'ਮਿੱਥ' ਵੀ ਪ੍ਰਚਲਿਤ ਹੈ ਜਿਸ ਦਾ ਅਰਥ ਹੈ ਸਮਝਣਾ, ਸੁਣਨਾ, ਮਿਲਣਾ ਆਦਿ। ਪਰ ਇਨ੍ਹਾਂ ਸਾਰੇ ਸ਼ਬਦਾਂ ਦੇ ਅਰਥਾਂ ਦੀ ਵਿਆਖਿਆ ਵੱਖ ਵੱਖ ਦਾਇਰਿਆਂ ਦੇ ਅੰਤਰਗਤ ਹੋਈ ਹੈ। ਇਸ ਲਈ ਸ਼ਬਦ 'ਕਥਾ' ਦੀ ਕੋਈ ਵਿਗਿਆਨਕ ਪਰਿਭਾਸ਼ਾ ਨਿਸ਼ਚਿਤ ਕਰਨੀ ਸੰਭਵ ਨਹੀਂ। ਨਾ ਹੀ ਇਹ ਸ਼ਬਦ ਅੰਗਰੇਜ਼ੀ ਸ਼ਬਦ 'ਮਿਥ' ਦੇ ਬਰਾਬਰ ਰੱਖਿਆ ਜਾ ਸਕਦਾ ਹੈ। ਇਸ ਲਈ ਮਿਥਿਕ ਅਤੇ ਕਥਾ ਨੂੰ ਜੋੜਨੀ ਲਾ ਕੇ, ਪਦ ਮਿਥਿਕ-ਕਥਾ ਸਮੁੱਚੀਆਂ ਲੋਕ-ਕਥਾਵਾਂ ਦੇ ਵਰਤਾਰੇ ਨੂੰ ਬਿਆਨ ਕਰਨ ਲਈ ਵਰਤਿਆ ਜਾ ਸਕਦਾ ਹੈ। ਮਿਥਿਕ-ਕਲਾ ਦੀ ਅਰਥ ਸੀਮਾ ਅੰਗਰੇਜ਼ੀ ਸ਼ਬਦ 'ਮਿੱਥ' ਤੋਂ ਬਾਹਰ

ਨਿਸ਼ਚਿਤ ਨਹੀਂ ਕੀਤੀ ਜਾ ਸਕਦੀ।

ਮਿਥਿਕ-ਕਥਾਵਾਂ ਦੀਆਂ ਕਈ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ। ਔਕਸਫੋਰਡ ਕਲਾਸੀਕਲ ਡਿਕਸ਼ਨਰੀ ਵਿਚ ਮਿਥਿਕ-ਕਥਾ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਗਈ ਹੈ, 'ਮਿਥਿਕ-ਕਥਾ, ਯਥਾਰਥਕ ਜਾਂ ਚਿਤਵੇ ਵਰਤਾਰੇ ਨੂੰ ਪੂਰਵ ਵਿਗਿਆਨਕ ਅਤੇ ਕਲਪਤ ਢੰਗ ਨਾਲ ਬਿਆਨਣ ਦਾ ਯਤਨ ਹੈ, ਜੋ ਮਿਥਿਕ-ਕਥਾ ਦੇ ਰਚਨਹਾਰਿਆਂ ਦੀ ਉਤਸੁਕਤਾ ਨੂੰ ਉਤੇਜਿਤ ਕਰਦਾ ਹੈ। ਇਹ ਵਰਤਾਰਾ ਗੁੰਝਲਦਾਰ ਅਨੁਭਵ ਦੀ ਥਾਂ ਤਸੱਲੀ ਅਤੇ ਅਹਿਸਾਸ ਦਾ ਯਤਨ ਹੈ। ਮਿਥਿਕ ਕਥਾ ਭਾਵਾਂ ਨੂੰ ਪ੍ਰਭਾਵਤ ਕਰਦੀ ਹੈ। ਇਹ ਉਦੋਂ ਜਨਮ ਲੈਂਦੀ ਹੈ ਜਦੋਂ ਦਲੀਲਮਈ ਵਿਆਖਿਆ ਦੀ ਬਹੁਤੀ ਲੋੜ ਮਹਿਸੂਸ ਨਹੀਂ ਕੀਤੀ ਜਾਂਦੀ।''

ਸਟੈਂਡਰਡ ਡਿਕਸ਼ਨਰੀ ਆਫ਼ ਫੋਕਲੋਰ ਅਨੁਸਾਰ ਮਿਥਿਕ-ਕਥਾ ਇਕ ਕਹਾਣੀ ਹੈ, ਜਿਹੜੀ ਬੀਤੇ ਜੁਗ ਦੀ ਹਕੀਕਤ ਵਜੋਂ, ਲੋਕਾਂ ਦੀ ਬ੍ਰਹਿਮੰਡੀ ਚੇਤਨਾ, ਦੇਵਤੇ, ਨਾਇਕ ਅਤੇ ਧਾਰਮਿਕ ਲੱਛਣਾਂ ਨੂੰ ਬਿਆਨ ਕਰਦੀ ਹੈ। ਮਿਥਿਕ ਕਥਾ ਦਾ ਕਰਤੱਵ ਪੂਰਵ ਵਿਗਿਆਨਕ ਜੁੱਗ ਵਿਚ, ਸਮੱਸਿਆਵਾਂ ਦੀ ਵਿਗਿਆਨਕ ਵਿਆਖਿਆ ਕਰਨਾ ਹੈ। ਸਮਾਜ ਵਿਗਿਆਨਾਂ ਦੇ ਇਨਸਾਈਕਲੋਪੀਡੀਆ ਅਨੁਸਾਰ ਮਿਥਿਕ-ਕਥਾ ਸੈਕੂਲਰ ਲੋਕਧਾਰਾ ਦੀ ਤਰ੍ਹਾਂ ਲੋਕਾਂ ਦੇ ਸ਼ੁਭ ਵਿਚਾਰਾਂ, ਸੈਕੂਲਰ ਨਾਇਕਾਂ ਅਤੇ ਸਭਿਆਚਾਰ ਦੇ ਆਦਰਸ਼ਕ ਮਨੁੱਖ ਦਾ ਉਚਰਤ ਵਹਿਣ ਹੈ। ਮਿਥਿਕ-ਕਥਾ ਭਾਰੂ ਇੱਛਾ ਅਤੇ ਬ੍ਰਹਿਮੰਡੀ ਗਿਆਨ ਲਈ ਪੁਨਰ-ਸਿਰਜਣਾ ਕਰਦੀ ਹੈ।

ਸਮਾਜ ਵਿਗਿਆਨਾਂ ਦੇ ਕੌਮਾਂਤਰੀ ਇਨਸਾਈਕਲੋਪੀਡੀਆ ਅਨੁਸਾਰ, ਮਿਥਕ-ਕਥਾ, ਸਮੱਸਿਆਵਾਂ ਦੇ ਇਕ ਪੜਾਅ ਤੋਂ ਦੂਸਰੇ ਪੜਾਅ ਦਾ ਵਿਕਾਸ ਬਿਆਨ ਕਰਦੀ ਹੈ। ਮਿਥਿਕ-ਕਥਾ ਇਹ ਵੀ ਬਿਆਨ ਕਰਦੀ ਹੈ ਕਿ ਅਣਵਸਿਆ ਸੰਸਾਰ ਕਿਵੇਂ ਵਸਿਆ, ਅਨਾਸ਼ਵਾਨਤਾ, ਨਾਸ਼ਵਾਨਤਾ ਵਿਚ ਕਿਵੇਂ ਤਬਦੀਲ ਹੋਈ। ਮੌਸਮ ਕਿਵੇਂ ਹੋਂਦ ਵਿਚ ਆਏ, ਮਨੁੱਖ ਦੀ ਮੁਢਲੀ ਏਕਤਾ ਕੌਮਾਂ ਅਤੇ ਕਬੀਲੀਆਂ ਦੀ ਅਨੇਕਤਾ ਵਿਚ ਕਿਵੇਂ ਤਬਦੀਲ ਹੋਈ। ਉਭਯਲਿੰਗ ਤੋਂ ਇਸਤਰੀ ਪੁਰਸ਼ ਦੇ ਲਿੰਗਾਂ ਦੀ ਉਤਪਤੀ ਕਿਵੇਂ ਹੋਈ। ਮਿਥਿਕ-ਕਥਾ ਅਨੋਖੀਆਂ ਘਟਨਾਵਾਂ ਅਤੇ ਪ੍ਰਸਥਿਤੀਆਂ ਨੂੰ ਬਿਆਨ ਕਰਦੀ ਹੈ, ਜਿਹੜੀਆਂ ਮਨੁੱਖ ਦੇ ਸਾਧਾਰਨ ਤਜਰਬੇ ਤੋਂ ਦੂਰ ਹੁੰਦੀਆਂ ਹਨ।

ਪ੍ਰਸਿੱਧ ਮਾਨਵ-ਵਿਗਿਆਨੀ ਬੀ. ਮਲੀਨੋਵਸਕੀ ਦੇ ਕਥਨ ਅਨੁਸਾਰ, ਮਿਥਿਕ-ਕਥਾਵਾਂ ਪੁਰਾਤਨ ਸਮਾਜ ਵਿਚ ਨਾ ਪੂਰਿਆ ਜਾਣ ਵਾਲਾ ਕਾਰਜ ਕਰਦੀਆਂ ਹਨ। ਇਹ ਲੋਕ ਵਿਸ਼ਵਾਸਾਂ ਨੂੰ ਪ੍ਰਗਟਾਉਂਦੀਆਂ, ਪਰੋਦੀਆਂ ਅਤੇ ਪ੍ਰਫਲਤ ਕਰਦੀਆਂ ਹਨ। ਇਹ ਨੈਤਿਕਤਾ ਨੂੰ ਲਾਗੂ ਕਰਦੀਆਂ ਹਨ ਇਹ ਰੀਤਾਂ ਦੀ ਕਾਰਜਸ਼ੀਲਤਾ ਨੂੰ ਅਸਰਦਾਇਕ ਬਣਾਉਂਦੀਆਂ ਹਨ। ਇਸ ਲਈ ਮਿਥਿਕ-ਕਥਾਵਾਂ ਸਭਿਆਚਾਰ ਦਾ ਪ੍ਰਮੁੱਖ ਤੱਤ ਹਨ। ਇਨ੍ਹਾਂ ਵਿਚ ਪੇਸ਼ ਚਿੰਤਨ, ਵਿਆਖਿਆ ਜਾਂ ਕਲਾ ਚਿੰਨ੍ਹ ਮਾਤਰ ਹੀ ਨਹੀਂ, ਸਗੋਂ ਇਹ ਪੁਰਾਤਨ ਵਿਸ਼ਵਾਸਾਂ ਅਤੇ ਇਖਲਾਕੀ ਸਿਆਣਪ ਦੇ ਅਮਲੀ ਦਸਤਾਵੇਜ਼ ਹਨ।

ਅੱਜ ਦੇ ਸਮੇਂ ਪ੍ਰਸਿੱਧ ਮਾਨਵ-ਵਿਗਿਆਨੀ ਲੈਵੀ ਸਤਰੋਸ (Claude-Levi Strauss, 1963) ਦਾ ਕਥਨ ਹੈ ਕਿ ਮਿਥਿਕ-ਕਥਾ ਭਾਸ਼ਾ ਦੀ ਤਰ੍ਹਾਂ ਹੈ ਅਤੇ ਇਹ ਭਾਸ਼ਾ ਦੀ ਤਰ੍ਹਾਂ ਹੀ ਸਮਝੀ ਜਾ ਸਕਦੀ ਹੈ। ਇਸ ਦੀਆਂ ਦੋ ਤਹਿਆਂ ਹੁੰਦੀਆਂ ਹਨ। ਇਕ ਤਹਿ ਇਸਦੇ ਰੂਪ ਦੀ ਹੈ, ਜਿਸ ਰਾਹੀਂ ਇਸ ਦਾ ਪ੍ਰਗਟਾਅ ਹੁੰਦਾ ਹੈ। ਇਸ ਦੀ ਅੰਦਰਲੀ ਤਹਿਇਸ ਦੇ ਸਾਰ ਦੀ ਹੁੰਦੀ ਹੈ, ਜਿਹੜੀ ਇਸ ਨੂੰ ਸਮਾਜਕ ਸੰਦਰਭ ਵਿਚ ਅਰਥ ਪ੍ਰਦਾਨ ਕਰਦੀ ਹੈ। ਮਿਥਿਕ-ਕਥਾ ਦੀ ਤੀਸਰੀ ਤਹਿ ਇਨ੍ਹਾਂ ਦੋਹਾਂ ਤਹਿਆਂ ਦੇ ਸੁਮੇਲ ਵਿਚੋਂ ਪੈਦਾ ਹੁੰਦੀ ਹੈ, ਜਿਸ ਵਿਚ ਸਾਰਥਕ ਪੱਧਰ ਤੋਂ ਭਾਵ ਉਠਾਏ ਗਏ ਹੁੰਦੇ ਹਨ। ਮਿਥਿਕ-ਕਥਾ ਸਮਾਜਕ ਰਿਸ਼ਤਿਆਂ ਨੂੰ ਪ੍ਰਤਿਬਿੰਬਤ ਕਰਦੀ ਹੈ।

ਮਨੋ-ਵਿਗਿਆਨੀ ਸੀ.ਜੀ. ਜੁੰਗ ਨੇ ਮਿਥਿਕ-ਕਥਾ ਨੂੰ ਇਕ ਮਨੋਵਿਗਿਆਨਕ ਵਰਤਾਰਾ ਮੰਨਿਆ ਹੈ, ਜਿਹੜਾ ਮਨੁੱਖ ਦੀ ਸਮੂਹਕ ਅਚੇਤਨਾ ਅਤੇ ਰੂੜ੍ਹੀਆਂ ਵਿਚੋਂ ਫੁੱਟਦਾ ਹੈ। ਮਨੁੱਖ ਦੀ ਸਾਇਕੀ ਵਿਚ ਉਹ ਸਾਰੇ ਬਿੰਬ ਮੌਜੂਦ ਹੁੰਦੇ ਹਨ, ਜਿਨ੍ਹਾਂ ਵਿਚੋਂ ਮਿਥਿਕ-ਕਥਾ ਦਾ ਜਨਮ ਹੁੰਦਾ ਹੈ। ਮਨੁੱਖ ਦੀ ਸਮੂਹ ਅਚੇਤਨਤਾ ਕਾਰਜਸ਼ੀਲ ਹੈ ਅਤੇ ਬਾਹਰੀ ਪ੍ਰਤੀ ਕਿਰਿਆਵਾਂ ਤੋਂ ਪੀੜਤ ਹੈ।

ਰੋਲਾਂ ਬਾਰਤ (1973) ਮਿਥਿਕ-ਕਥਾ 'ਤੇ ਵਿਚਾਰ ਕਰਦਾ ਹੋਇਆ ਲਿਖਦਾ ਹੈ ਕਿ ਮਿਥਿਕ-ਕਥਾ ਇਕ ਕਹਾਣੀ ਹੈ, ਜਿਸ ਦੁਆਰਾ ਸਭਿਆਚਾਰ, ਕੁਦਰਤ ਜਾਂ ਯਥਾਰਥ ਦੇ ਕਿਸੇ ਪੱਖ ਨੂੰ ਸਮਝਿਆ ਅਤੇ ਵਿਅਕਤ ਕੀਤਾ ਜਾਂਦਾ ਹੈ। ਬਾਰਤ ਲਈ ਮਿਥਿਕ-ਕਥਾ ਯਥਾਰਥ ਬਾਰੇ, ਸੋਚਣ ਅਤੇ ਵਿਅਕਤ ਕਰਨ ਦਾ ਸਭਿਆਚਾਰਕ ਢੰਗ (culture's way of

thinking) ਹੈ। ਬਾਰਤ ਮਿਥਿਕ-ਕਥਾ ਨੂੰ ਜੁੜਵੇਂ ਸੰਕਲਪਾਂ ਦੀ ਇਕ ਲੜੀ ਮੰਨਦਾ ਹੈ ਜਿਹੜੀ ਸਾਂਝੇ ਵਿਸ਼ਵਾਸਾਂ ਦੁਆਲੇ ਵਲੀ ਹੁੰਦੀ ਹੈ।

ਮਿਥਿਕ-ਕਥਾ ਦੀਆਂ ਹੋਰ ਵੀ ਬਹੁਤ ਸਾਰੀਆਂ ਪਰਿਭਾਸ਼ਾਵਾਂ ਪੇਸ਼ ਕੀਤੀਆਂ ਗਈਆਂ ਹਨ, ਜਿਹੜੀਆਂ ਵੱਖ ਵੱਖ ਖੇਤਰਾਂ ਵਿਚੋਂ ਆਏ ਵਿਦਵਾਨਾਂ ਵੱਲੋਂ ਹਨ। ਇਨ੍ਹਾਂ ਵਿਚੋਂ ਕੁਝ ਦਾ ਸੰਬੰਧ ਸਮਾਜ ਵਿਗਿਆਨ ਨਾਲ ਹੈ, ਕੁਝ ਮਾਨਵ-ਵਿਗਿਆਨੀ ਅਤੇ ਕੁਝ ਭਾਸ਼ਾ-ਵਿਗਿਆਨੀ ਹਨ। ਹਰ ਇਕ ਨੇ ਆਪਣੇ ਆਸ਼ੇ ਅਤੇ ਖੇਤਰ ਨੂੰ ਪ੍ਰਮੁੱਖ ਰੱਖਕੇ ਮਿਥਿਕ-ਕਥਾ ਨੂੰ ਪਰਿਭਾਸ਼ਤ ਕਰਨ ਦਾ ਯਤਨ ਕੀਤਾ ਹੈ। ਇਹ ਪਰਿਭਾਸ਼ਾਵਾਂ ਇਕ ਦੂਸਰੇ ਤੋਂ ਭਿੰਨ੍ਹ ਹੁੰਦੀਆਂ ਹੋਈਆਂ ਵੀ ਕੁਝ ਸਾਂਝ ਰੱਖਦੀਆਂ ਹਨ। ਇਹ ਸਾਂਝ 'ਤੇ ਆਧਾਰਤ ਇਕ ਸਰਵ ਪੱਖੀ ਪਰਿਭਾਸ਼ਾ ਦੀ ਤਲਾਸ਼ ਕੀਤੀ ਜਾ ਸਕਦੀ ਹੈ।

ਮਿਥਿਕ-ਕਥਾ ਇਕ ਮਾਨਸਿਕ ਵਰਤਾਰਾ ਹੈ ਜਿਹੜਾ ਕਿਸੇ ਸਮਾਜ ਦੇ ਬੋਧ-ਵਿਕਾਸ ਅਤੇ ਸਭਿਆਚਾਰ ਵਿਚਕਾਰ ਤਾਲਮੇਲ ਪੈਦਾ ਕਰਦਾ ਹੈ। ਇਹ ਵਰਤਾਰਾ ਆਪਣੇ ਅਮਲ ਦੇ ਦੁਹਰਾਉ ਸਮੇਂ ਸਮਾਜ ਦੇ ਬੋਧ ਵਿਕਾਸ ਅਤੇ ਸਭਿਆਚਾਰ ਵਿਚਕਾਰ ਤਾਲਮੇਲ ਪੈਦਾ ਕਰਦਾ ਹੈ ਅਤੇ ਵਿਅਕਤੀ ਸਮਾਜਕ, ਲੋੜ, ਆਜ਼ਾਦੀ, ਕੁਦਰਤ ਅਤੇ ਮਨੁੱਖ ਤੇ ਕੁਦਰਤ ਵਿਚਕਾਰ ਸਮਾਜਕ ਸੰਦਰਭ ਵਿਚ ਤਾਲਮੇਲ ਪੈਦਾ ਕਰਦਾ ਹੈ। ਇਸ ਤਰ੍ਹਾਂ ਮਿਥਿਕ-ਕਥਾ ਨੈਤਿਕ ਕਦਰਾਂ-ਕੀਮਤਾਂ, ਧਾਰਮਿਕ ਅਤੇ ਸਭਿਆਚਾਰ ਰਿਸ਼ਤੇ, ਮਨੁੱਖ ਦੀਆਂ ਆਸਾਂ ਉਮੰਗਾਂ ਤੇ ਪ੍ਰਵਿਰਤੀਆਂ ਨੂੰ ਨਵੀਂ ਅਤੇ ਪੁਰਾਣੀ ਸਭਿਆਚਾਰਕ ਚੇਤਨਾ ਦੇ ਸੰਦਰਭ ਵਿਚ ਤੋਲਦੀ ਹੈ। ਸਮੇਂ ਅਨੁਸਾਰ ਸਮੂਹ ਦੇ ਭਾਵਾਂ ਅਤੇ ਵਿਚਾਰਾਂ ਨੂੰ ਨਵੀਂ ਅਤੇ ਨਰੋਈ ਚੇਤਨਾ ਨਾਲ ਪ੍ਰੇਰਤ ਕਰਦੀ ਹੈ।

**ਮਿਥਿਕ-ਕਥਾ ਦਾ ਮਹੱਤਵ** : ਮਿਥਿਕ-ਕਥਾ ਸਿਰਫ਼ ਭਾਵਕ ਕਿਸਮ ਦਾ ਮਾਨਸਿਕ ਵਰਤਾਰਾ ਨਹੀਂ, ਸਗੋਂ ਇਹ ਤਾਂ ਭਾਵੁਕ ਚੇਤਨਾ ਅਤੇ ਪ੍ਰਵਿਰਤੀਆਂ ਦੇ ਸਮਾਜਕ ਅਨੁਕੂਲਣ ਨਾਲ ਸੰਬੰਧ ਰਖਦੀ ਹੈ। ਮਿਥਿਕ-ਕਥਾ ਸਮਾਜ ਅਤੇ ਵਿਅਕਤੀ ਵਿਸ਼ੇਸ਼ ਦੀਆਂ ਗੁਪਤ ਤਾਂਘਾਂ ਅਤੇ ਸੱਧਰਾਂ ਨੂੰ ਵਿਅਕਤ ਕਰਦੀ ਹੈ। ਇਸ ਤਰ੍ਹਾਂ ਮਿਥਿਕ-ਕਥਾ ਭਾਵੇਂ ਵਿਅਕਤੀ ਵਿਸ਼ੇਸ਼ ਨਾਲ ਸਬੰਧ ਰੱਖਦੀ ਹੋਵੇ ਪਰ ਬਾਹਰੀ ਯਥਾਰਥ ਪ੍ਰਤੀ ਦਲੀਲਮਈ ਝੁਕਾਅ ਰੱਖਦੀ ਹੈ।

ਮਿਥਿਕ-ਕਥਾ ਸਮਾਜਕ ਸੰਦਰਭ ਵਿਚ ਵਿਚਰਦੀ ਹੋਈ ਇਸ ਨੂੰ ਹੀ ਵਿਅਕਤ ਕਰਦੀ ਹੈ। ਇਸ ਕਰਕੇ ਮਿਥਿਕ-ਕਥਾ ਨੂੰ ਸਭਿਆਚਾਰ ਦਾ ਸ਼ੀਸ਼ਾ ਕਿਹਾ ਜਾਂਦਾ ਹੈ। ਮਿਥਿਕ-ਕਥਾ ਕਈ ਸਮਾਜਕ ਅਤੇ ਸਭਿਆਚਾਰਕ ਬੰਦਸ਼ਾਂ ਦੇ ਮਾਨਸਿਕ ਅਨੁਕੂਲਣ ਦਾ ਨਿਕਾਸ ਕਰਦੀ ਹੈ। ਮਨੁੱਖ ਨੂੰ ਆਪਣੀ ਉਤਪਤੀ ਬਾਰੇ ਅਤੇ ਸੰਸਾਰ ਦੀ ਉਤਪਤੀ ਬਾਰੇ ਜਾਨਣ ਦੀ ਸਦਾ ਇੱਛਾ ਬਣੀ ਰਹੀ ਹੈ। ਇਹ ਇੱਛਾ ਇੰਨੀ ਪ੍ਰਬਲ ਹੈ ਕਿ ਮਨੁੱਖ ਦੀ ਮਨੋਬਿਰਤੀ ਨੂੰ ਸਿਰਜਣ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਮਿਥਿਕ-ਕਥਾ ਮਨੁੱਖ ਅਤੇ ਬ੍ਰਹਿਮੰਡ ਦੀ ਉਤਪਤੀ ਦੀ ਗੁੰਝਲ ਨੂੰ ਵੱਖ ਵੱਖ ਢੰਗ ਨਾਲ ਹੱਲ ਕਰਦੀ ਹੈ। ਇਸ ਤਰ੍ਹਾਂ ਮਨੁੱਖ ਦੇ ਬੋਧ-ਵਿਕਾਸ ਵਿਚ ਸਹਾਈ ਹੁੰਦੀ ਹੈ।

ਸਮੁੱਚੇ ਤੌਰ ਤੇ ਮਿਥਿਕ-ਕਥਾਵਾਂ ਜੀਵਨ ਦੀ ਬਹੁ-ਪੱਖੀ ਵੰਨਗੀ ਨੂੰ ਪ੍ਰਗਟ ਕਰਨ ਦਾ ਮਾਧਿਅਮ ਹਨ। ਇਹ ਮਨੁੱਖ ਦੀ ਸਾਂਝੀ ਅਚੇਤਨਾ ਤੇ ਚੇਤਨਾ ਨੂੰ ਜੋੜਨ ਵਾਲੀ ਪ੍ਰਮੁੱਖ ਕੜੀ ਹਨ। ਇਸ ਲਈ ਇਹ ਅਮਲੀ ਜੀਵਨ ਵਿਚ ਸਥਿਰਤਾ, ਸੁਧਾਰ, ਮਨੋਰੰਜਨ ਅਤੇ ਭਰਮ ਨਿਵਾਰਣ ਦਾ ਕੰਮ ਕਰਦੀਆਂ ਹਨ। ਦੂਸਰੇ ਹੱਥ ਸਮਾਜ ਦੇ ਚੇਤ-ਅਚੇਤ ਵਿਚ ਝਾਤੀ ਮਾਰਨ ਲਈ ਖੋਜ ਦੀ ਨਰੋਈ ਸਮੱਗਰੀ ਬਣਦੀਆਂ ਹਨ। ਇਸ ਲਈ ਮੌਖਿਕ ਸਾਹਿਤ ਦੇ ਰੂਪਾਂ ਨਾਲੋਂ ਮਿਥਿਕ-ਕਥਾ ਦਾ ਵਿਸ਼ੇਸ਼ ਮਹੱਤਵ ਹੈ।

**ਮਿਥਿਕ-ਕਥਾ ਦਾ ਸੁਭਾਵ** : ਮਨੁੱਖੀ ਭਾਵਾਂ ਦਾ ਸਮਾਜਕ ਭਾਈਵਾਲੀ ਦੀਆਂ ਲੋੜਾਂ ਅਨੁਸਾਰ ਅਨੁਕੂਲਣ ਹੀ ਮਿਥਿਕ-ਕਥਾ ਨੂੰ ਜੀਵਨ ਰਸ ਪ੍ਰਦਾਨ ਕਰਦਾ ਹੈ। ਮਿਥਿਕ-ਕਥਾ ਸਮੇਂ ਅਨੁਸਾਰ ਸਮਾਜ ਦੇ ਚੌਗਿਰਦੇ ਪ੍ਰਤੀ ਦਰੁਸਤ ਇਤਿਹਾਸ ਨੂੰ ਪੇਸ਼ ਕਰਦੀ ਹੈ। ਬੇਸ਼ੱਕ ਉਸਦਾ ਮਾਧਿਅਮ ਸਮਾਜ ਦੇ ਉਲਝੇ ਅਨੁਭਵ ਹੀ ਕਿਉਂ ਨਾ ਹੋਣ। ਇਸ ਵਿਚ ਹੀ ਮਿਥਿਕ-ਕਥਾ ਦਾ ਕਰਤਾਰੀ ਅਤੇ ਪਰਿਵਰਤਨਸ਼ੀਲ ਹੋਣ ਦਾ ਰਾਜ ਛੁਪਿਆ ਹੋਇਆ ਹੈ। ਮਿਥਿਕ-ਕਥਾ ਸਮਾਜ ਦੇ ਚੌਗਿਰਦੇ ਪ੍ਰਤੀ ਬਦਲਦੇ ਦ੍ਰਿਸ਼ਟੀਕੋਣ ਨੂੰ ਹੁੰਗਾਰਾ ਦਿੰਦੀ ਹੈ।

ਮਿਥਿਕ-ਕਥਾ ਲੋਕਾਂ ਦੀ ਜ਼ਿੰਦਗੀ ਵਿਚ ਇਸ ਤਰ੍ਹਾਂ ਸਮਾਈ ਹੁੰਦੀ ਹੈ ਕਿ ਇਸ ਨੂੰ ਕਿਸੇ ਵਿਸ਼ੇਸ਼ ਜਾਂ ਪਵਿੱਤਰ ਹੁੰਗਾਰੇ ਦੀ ਜ਼ਰੂਰਤ ਨਹੀਂ ਰਹਿੰਦੀ, ਪਰ ਧਰਮ ਲਈ ਅਜੇਹੇ ਹੁੰਗਾਰੇ ਦੀ ਅਤਿਅੰਤ ਜ਼ਰੂਰਤ ਹੈ। ਆਪਣੀ ਇਸ ਲੱਚਕਤਾ ਕਾਰਨ ਸਮਾਜ ਦੀਆਂ ਬਦਲ ਰਹੀਆਂ ਪ੍ਰਸਥਿਤੀਆਂ ਅਨੁਸਾਰ ਢਲ ਜਾਂਦੀ ਹੈ। ਸਮੂਹਕ ਹੁੰਗਾਰੇ 'ਤੇ ਆਧਾਰਤ ਅਤੇ

ਪਰਿਵਰਤਨਸ਼ੀਲ ਹੋਣ ਸਦਕਾ, ਇਹ ਸਦਾ ਸੱਜਰੀ ਅਤੇ ਸੱਚੀ ਖਿਆਲੀ ਜਾਣ ਵਾਲੀ, ਹੋਣ ਦੇ ਨਾਲ-ਨਾਲ ਸਮੂਹਕ ਜਜ਼ਬਾਤੀ ਜ਼ਿੰਦਗੀ, ਦਾ ਉਸ ਦੇ ਪੈਦਾਵਾਰੀ ਸਾਧਨਾਂ ਦੇ ਸੰਦਰਭ ਵਿਚ, ਚੌਗਿਰਦੇ ਨਾਲ ਰਿਸ਼ਤੇ ਦੇ ਸੁਭਾਵਕ ਪ੍ਰਤੀਬਿੰਬ ਪੇਸ਼ ਕਰਦੀ ਹੈ। ਮਿਥਿਕ-ਕਥਾ ਦੀ ਪ੍ਰਫੁਲਤਾ ਅਤੇ ਵਿਕਾਸ ਲਈ ਕਬੀਲਦਾਰੀ ਅਤੇ ਜਾਗੀਰਦਾਰੀ ਦੌਰ ਉੱਤਮ ਹਨ। ਅਜੋਕੇ ਸਮੇਂ ਵਿਚ ਮਿਥਿਕ-ਕਥਾ ਨੂੰ ਜੀਉਣ ਤੇ ਪ੍ਰਫੁੱਲਤ ਹੋਣ ਲਈ ਵਿਸ਼ਵਾਸ ਦੀ ਜ਼ਰੂਰਤ ਹੈ।

**ਮਿਥਿਕ-ਕਥਾ ਦਾ ਯਥਾਰਥ**

ਉਨ੍ਹੀਵੀਂ ਸਦੀ ਦੇ ਮੱਧ ਤੋਂ ਮਿਥਿਕ-ਕਥਾਵਾਂ ਨੂੰ ਚੇਤਨ ਪੱਧਰ 'ਤੇ ਘੋਖਣ ਅਤੇ ਇਨ੍ਹਾਂ ਦੇ ਯਥਾਰਥ ਨੂੰ ਸਮਝਣ ਲਈ ਸੁਚੇਤ ਯਤਨ ਹੋਏ ਹਨ। ਪਹਿਲੀ ਪੀੜ੍ਹੀ ਦੇ ਵਿਚਾਰਵਾਨਾਂ ਵਿਚ ਮੈਕਸਮੂਲਰ, ਫਰੇਜ਼ਰ, ਐਂਡਰਿਉ ਲਾਂਗ ਆਦਿ ਦੇ ਨਾਂ ਵਰਣਨਯੋਗ ਹਨ। ਇਹ ਵਿਦਵਾਨ ਮਿਥਿਕ-ਕਥਾ ਅਤੇ ਯਥਾਰਥ ਵਿਚ ਰਿਸ਼ਤਾ ਸਪੱਸ਼ਟ ਕਰਨ ਵਿਚ ਅਸਮਰੱਥ ਰਹੇ। ਮਿਥਿਕ-ਕਥਾ ਅਤੇ ਯਥਾਰਥ ਦੇ ਸੰਬੰਧਾਂ ਬਾਰੇ ਵਿਦਵਾਨਾਂ ਦੀਆਂ ਵਿਭਿੰਨ ਰਾਵਾਂ ਹਨ ਤੇ ਇਨ੍ਹਾਂ ਵਿਚ ਮਤਭੇਦ ਪਾਏ ਜਾਂਦੇ ਹਨ। ਕਈਆਂ ਦਾ ਵਿਚਾਰ ਹੈ ਕਿ ਉਹ ਨਿਰੋਲ ਕਾਲਪਨਿਕ ਵਰਤਾਰਾ ਹੈ, ਇਸ ਦਾ ਸਮਾਜਕ ਯਥਾਰਥ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੁੰਦਾ। ਕੁਝ ਦੂਸਰੇ, ਇਸ ਕਥਨ ਦਾ ਖੰਡਨ ਕਰਦੇ ਹਨ ਤੇ ਇਸ ਗੱਲ ਦੇ ਧਾਰਨੀ ਹਨ ਕਿ ਮਿਥਿਕ-ਕਥਾਵਾਂ ਸਮਾਜ ਦਾ ਸ਼ੀਸ਼ਾ ਹਨ। ਇਹਨਾਂ ਵਿਚ ਸਮਾਜਕ ਯਥਾਰਥ ਪੇਸ਼ ਹੁੰਦਾ ਹੈ। ਤੀਸਰੀ ਵੰਨਗੀ ਦੇ ਉਹ ਵਿਦਵਾਨ ਹਨ ਜਿਹੜੇ ਵਿਚਕਾਰਲਾ ਰਸਤਾ ਧਾਰਨ ਕਰਦੇ ਹਨ, ਜਿਨ੍ਹਾਂ ਵਿਚ ਲੈਵੀ ਸਤਰਾਸ ਦਾ ਨਾਂ ਮੁੱਖ ਤੌਰ 'ਤੇ ਲਿਆ ਜਾ ਸਕਦਾ ਹੈ। ਇਹ ਵਿਦਵਾਨ ਮਿਥਿਕ-ਕਥਾਵਾਂ ਦਾ ਇਕ ਹੱਥ ਭਾਸ਼ਾ ਨਾਲ ਅਤੇ ਦੂਸਰੇ ਹੱਥ ਸਮਾਜ ਅਤੇ ਸਭਿਆਚਾਰ ਨਾਲ ਸੰਬੰਧ ਸਥਾਪਤ ਕਰਦੇ ਹਨ। ਇਸ ਲਈ ਇਨ੍ਹਾਂ ਵਿਦਵਾਨਾਂ ਅਨੁਸਾਰ ਮਿਥਿਕ-ਕਥਾ ਦਾ ਸੁਨੇਹਾ ਉਚਰਤ ਸ਼ਬਦਾਂ ਰਾਹੀਂ ਸਮਾਜਕ ਅਤੇ ਪਦਾਰਥਕ ਯਥਾਰਥ ਨਾਲ ਸੰਬੰਧ ਰੱਖਦਾ ਹੈ। ਮਿਥਿਕ-ਕਥਾ ਦਾ ਯਥਾਰਥ ਲੋਕਾਂ ਦੇ ਸਮਾਜਿਕ ਅਤੇ ਸਭਿਆਚਾਰਕ ਵਰਤਾਰੇ ਨੂੰ ਹੀ ਪ੍ਰਤੀਬਿੰਬਤ ਕਰਦਾ ਹੈ। ਇਸ ਲੱਛਣ ਸਦਕਾ ਮਿਥਿਕ-ਕਥਾ ਭਾਸ਼ਾ ਅਤੇ ਸਭਿਆਚਾਰ ਦੇ ਸੰਬੰਧਾਂ ਨੂੰ ਜਾਣਨ ਲਈ ਸਹਾਈ ਹੋ ਸਕਦੀ ਹੈ।

**ਪੰਜਾਬੀ ਮਿਥਿਕ-ਕਥਾਵਾਂ**

ਪੰਜਾਬੀ ਮਿਥਿਕ-ਕਥਾਵਾਂ, ਹੋਰ ਸਮਾਜ ਦੀਆਂ ਕਥਾਵਾਂ ਵਾਂਗ, ਇਕੱਲੀਆਂ ਕਾਰੀਆਂ, ਹੋਂਦ ਵਿਚ ਨਹੀਂ ਆਉਂਦੀਆਂ। ਇਹ ਕਥਾ ਸਮੂਹਾਂ (Mythic Clusters) ਵਿਚ ਵਿਚਰਦੀਆਂ ਹਨ। ਹਰ ਕਥਾ ਸਮੂਹ ਇਕ ਖਾਸ ਕਿਸਮ ਦੀ ਸਮੱਸਿਆ ਦੇ ਦੁਆਲੇ ਉਸਰਿਆ ਹੁੰਦਾ ਹੈ। ਇਹ ਕਥਾ-ਸਮੂਹ ਆਪਣੇ ਸਾਂਝੇ ਚਿੰਨ੍ਹ ਸੰਚਾਰ ਦੁਆਰਾ ਨਿਖੇੜੇ ਜਾ ਸਕਦੇ ਹਨ :

1. ਪੰਜਾਬੀ ਕਥਾਵਾਂ ਦਾ ਇਕ ਪ੍ਰਮੁੱਖ ਕਥਾ ਸਮੂਹ ਚਿੜੀ ਕਾਂ ਦੇ ਚਿੰਨ੍ਹਾਂ ਰਾਹੀਂ ਪ੍ਰਵਾਹਤ ਹੁੰਦਾ ਹੈ। ਇਹ ਕਥਾਵਾਂ ਪੰਜਾਬ, ਹਰਿਆਣਾ, ਰਾਜਸਥਾਨ, ਗੜ੍ਹਵਾਲ ਅਤੇ ਛਤੀਸਗੜ੍ਹ ਦੇ ਇਲਾਕੇ ਵਿਚ ਪ੍ਰਚਲਿਤ ਹਨ। ਇਹ ਕਥਾਵਾਂ ਪੰਜਾਬ ਦੇ ਉੱਤਰੀ ਭਾਰਤ ਦੀ ਕਿਸਾਨੀ ਦੇ ਪੈਦਾਵਾਰੀ ਸੰਬੰਧਾਂ ਦੀ ਵਿਆਖਿਆ ਨਾਲ ਸੰਬੰਧ ਰਖਦੀਆਂ ਹਨ। ਇਸ ਵਿਚ ਕੋਈ ਅਤਿ ਕਥਨੀ ਨਹੀਂ ਹੋਵੇਗੀ ਜੇਕਰ ਇਹ ਕਿਹਾ ਜਾਵੇ ਕਿ ਇਹ ਕਥਾਵਾਂ ਪੰਜਾਬੀ ਸਭਿਆਚਾਰ ਦੀ ਮੁੱਢਲੀ ਜੁਗਤ ਨੂੰ ਬਿਆਨ ਕਰਦੀਆਂ ਹਨ। ਇਹ ਕਥਾਵਾਂ ਬਹੁਤ ਪੁਰਾਣੀਆਂ ਹਨ ਪਰ ਇਨ੍ਹਾਂ ਦਾ ਉਲੇਖ ਪੁਰਾਤਨ ਬ੍ਰਾਹਮਣੀ ਗ੍ਰੰਥਾ ਵਿਚ ਨਹੀਂ ਮਿਲਦਾ। ਮਿਥਿਕ-ਕਥਾਵਾਂ ਦਾ ਇਹ ਕਥਾ ਸਮੂਹ ਸਮਾਜਕ ਯਥਾਰਥ ਦੀ ਵਾਸਤਵਿਕ ਤਸਵੀਰ ਪੇਸ਼ ਕਰਦਾ ਹੈ।

ਇਤਿਹਾਸਕ ਵਿਕਾਸ ਦੇ ਪ੍ਰਸੰਗ ਵਿਚ ਪੈਦਾਵਾਰ ਦੇ ਸਾਧਨਾਂ ਅਤੇ ਵੰਡ ਪ੍ਰਣਾਲੀ ਦੇ ਪਰਿਪੇਖ ਵਿਚ ਲੋਟੂ ਅਤੇ ਲੁੱਟੀਂਦੀ ਸ਼੍ਰੇਣੀ ਹੋਂਦ ਵਿਚ ਆਉਂਦੀਆਂ ਹਨ। ਲੋਟੂ ਸ਼੍ਰੇਣੀ ਆਪ ਮਿਹਨਤ ਨਹੀਂ ਕਰਦੀ ਸਗੋਂ ਪੈਦਾਵਾਰ ਦੇ ਸਾਧਨਾਂ 'ਤੇ ਮਾਲਕੀ ਸਥਾਪਤ ਕਰਕੇ ਅਤੇ ਦੋਸ਼-ਪੂਰਣ ਵੰਡ ਪ੍ਰਣਾਲੀ ਦੀ ਉਸਾਰੀ ਕਰਕੇ ਦੂਸਰੇ ਦੀ ਮਿਹਨਤ 'ਤੇ ਫਲਦੀ ਅਤੇ ਪਸਰਦੀ ਹੈ। ਅੰਨ੍ਹੀ ਲੁੱਟ ਸਦਕਾ ਇਸ ਸ਼੍ਰੇਣੀ ਦੀ ਆਰਥਕ ਸਥਿਤੀ ਮਜ਼ਬੂਤ ਹੋ ਜਾਂਦੀ ਹੈ ਅਤੇ ਇਹ ਸਮਾਜਕ ਪ੍ਰਬੰਧ 'ਤੇ ਕਾਬਜ਼ ਹੋ ਜਾਂਦੀ ਹੈ। ਪੈਦਾਵਾਰ ਦੇ ਸਾਧਨ ਅਤੇ ਵੰਡ ਪ੍ਰਣਾਲੀ ਸਮਾਜ ਦੀ ਜੀਵਨ ਸਥਿਤੀ ਨੂੰ ਸਿਰਜਦੇ ਹਨ। ਲੋਟੂ ਸ਼੍ਰੇਣੀ ਦੇ ਸਮਾਜ ਦੇ ਪ੍ਰਬੰਧਕੀ ਢਾਂਚੇ ਉਪਰ ਕਾਬਜ਼ ਹੋਣ ਸਦਕਾ, ਸਮਾਜ ਦੀ ਮਨੋ-ਸਥਿਤੀ ਵਿਆਪਕ ਰੂਪ ਵਿਚ ਲੋਟੂ ਸ਼੍ਰੇਣੀ ਦੇ ਹਿੱਤ ਵਿਚ ਹੁੰਦੀ ਹੈ।

ਲੋਕ-ਮਨ ਸੁਸਤ ਅਤੇ ਮੁਰਦਾ ਨਹੀਂ ਹੁੰਦਾ, ਇਹ ਸਮਾਜ ਦੇ ਅੰਦਰ ਚੱਲ ਰਹੀ ਵਿਰੋਧ ਦੀ ਡਾਇਲੈਕਟਿਸ ਨੂੰ ਸਹਿਜੇ ਹੀ ਫੜ੍ਹ ਲੈਂਦਾ ਹੈ। ਇਸ ਨੂੰ ਸੰਜੰਮੀ ਵਤੀਰੇ ਵਿਚ ਢਾਲ ਕੇ, ਚਿੰਨ੍ਹਾਂ ਦੇ ਰੂਪ ਵਿਚ ਵਿਅਕਤ ਕਰਦਾ ਹੈ। ਚਿੜੀ ਅਤੇ ਕਾਂ ਦੀਆਂ ਮਿਥਿਕ-ਕਥਾਵਾਂ ਇਸ ਸਮਾਜਕ ਯਥਾਰਥ ਦੇ ਸੱਚ ਅਤੇ ਪ੍ਰਕਿਰਿਆ ਦੀ ਪ੍ਰੋੜ੍ਹਤਾ ਕਰਦੀਆਂ ਹਨ। ਚਿੜੀ ਕਾਂ ਦੀਆਂ ਮਿਥਿਕ-ਕਥਾਵਾਂ ਦੇ ਸਮਾਨ ਹਨ। ਹਰ ਕਥਾ ਦਾ ਤੋੜਾ ਚਿੜੀ ਦੀ ਕਾਂ ਉੱਪਰ ਜਿੱਤ ਨਾਲ ਟੁੱਟਦਾ ਹੈ। ਚਿੜੀ ਆਪਣੀ ਇਮਾਨਦਾਰੀ ਸਦਕਾ ਜਿੱਤ ਪ੍ਰਾਪਤ ਕਰਦੀ ਹੈ। ਕਾਂ ਆਪਣੇ ਲੁਟੇਰੇ ਅਤੇ ਬੇਈਮਾਨ ਸੁਭਾਅ ਸਦਕਾ ਹਾਰਦਾ ਹੈ। ਚਿੜੀ ਦੀ ਥਾਂ ਉਪਰ ਆਖ਼ਰੀ ਜਿੱਤ ਮਿਹਨਤ ਦੀ ਹੋਣੀ ਹੈ। ਲੋਟੂ ਸ਼੍ਰੇਣੀ ਨੇ ਇਤਿਹਾਸਕ ਤੌਰ 'ਤੇ ਖ਼ਤਮ ਹੋਣਾ ਹੀ ਹੈ। ਸਮਾਜਕ ਵਿਕਾਸ ਦਾ ਇਹ ਪਰਖਿਆ ਹੋਇਆ ਸੱਚ, ਚਿੜੀ ਕਾਂ ਦੀਆਂ ਮਿਥਿਕ-ਕਥਾਵਾਂ ਦਾ ਸੁਨੇਹਾ ਹੈ।

2. ਪੰਜਾਬੀ ਲੋਕਾਂ ਦੀ ਮਿਹਨਤ ਅਤੇ ਖ਼ੂਨ ਪਸੀਨੇ ਦੀ ਕਮਾਈ, ਉਨ੍ਹਾਂ ਦੀਆਂ ਆਸ਼ਾ-ਉਮੰਗਾਂ ਅਤੇ ਸਧਰਾਂ ਨੂੰ ਜਨਮ ਦਿੰਦੀ ਹੈ। ਲੋਕਾਂ ਦੀਆਂ ਇਹ ਸੱਧਰਾਂ ਤੇ ਉਮੰਗਾਂ ਉਨ੍ਹਾਂ ਦੇ ਵਿਸ਼ਵਾਸ ਦੇ ਚਿੰਨ੍ਹਾਂ ਦੁਆਰਾ ਪ੍ਰਗਟ ਹੁੰਦੀਆਂ ਹਨ। ਪੰਜਾਬੀ ਲੋਕਾਂ ਦੀ ਤਾਂਘ ਤੇ ਉਮੰਗ ਦਾ ਹਰਮਨ ਪਿਆਰਾ ਚਿੰਨ੍ਹ ਚੰਨ ਹੈ। ਚੰਨ ਨਾਲ ਸੰਬੰਧਤ ਮਿਥਿਕ-ਕਥਾਵਾਂ ਰੀਤਾਂ ਅਤੇ ਤਿਉਹਾਰਾਂ ਦੀ ਜੁਗਤ ਨੂੰ ਸਿਰਜਦੀਆਂ ਹਨ। ਕਿਉਂਕਿ ਰੀਤਾਂ ਤੇ ਤਿਉਹਾਰ ਲੋਕਾਂ ਦੀਆਂ ਸਮੂਹਕ ਉਮੰਗਾਂ ਅਤੇ ਤਾਘਾਂ ਦੇ ਹੀ ਪੇਸ਼ਕਾਰ ਹੁੰਦੇ ਹਨ। ਇਸ ਵੰਨਗੀ ਦੇ ਕਥਾ ਸਮੂਹ ਦਾ ਆਧਾਰ ਚੰਨ ਅਤੇ ਚਿੜੀ ਬਣਦੇ ਹਨ।

ਚੰਨ ਪੰਜਾਬੀ ਕਲਪਨਾ ਅਤੇ ਤਾਂਘ ਦੀ ਸਾਇਕੀ ਦਾ ਚਿੰਨ੍ਹ ਹੈ, ਚਿੜੀਆਂ ਜੀਵਨ ਦੀਆਂ ਯਥਾਰਥਕ ਪ੍ਰਸਥਿਤੀਆਂ ਨੂੰ ਪ੍ਰਤੀਬਿੰਬਤ ਕਰਦੀਆਂ ਹਨ। ਯਥਾਰਥ ਪ੍ਰਸਥਿਤੀਆਂ ਅਤੇ ਕਲਪਨਾ ਦੇ ਸੁਮੇਲ ਨੂੰ ਜਨਮ ਦਿੰਦਾ ਹੈ। ਕਿਸੇ ਸਮਾਜ ਦੀਆਂ ਰੀਤਾਂ ਮਨੁੱਖ ਦੀ ਚੇਤਨ ਹੋਂਦ ਅਤੇ ਪ੍ਰਕਿਰਤੀ ਨੂੰ ਆਪਸੀ ਰਿਸ਼ਤੇ ਦੀ ਕਸ਼ਮਕਸ਼ ਰਾਹੀਂ ਪ੍ਰਗਟ ਕਰਦੀਆਂ ਹਨ। ਇਸ ਕਥਾ ਸਮੂਹ ਦੀਆਂ ਮਿਥਿਕ-ਕਥਾਵਾਂ ਵਿਚ ਫ਼ਸਲ ਦੀ ਉਪਜਤਾ ਅਤੇ ਔਰਤ ਦੀ ਜਣਨ ਸ਼ਕਤੀ ਦੀਆਂ ਸਾਂਝੀਆਂ ਭਾਵਨਾਵਾਂ ਕ੍ਰਿਆਸ਼ੀਲ ਹਨ। ਇਨ੍ਹਾਂ ਵਿਚ ਦਾਣਿਆਂ ਅਤੇ ਗੀਗਿਆਂ ਦੀ ਸਾਂਝੀ ਲੋਚਾ ਹੈ। ਪੰਜਾਬੀ ਸਮਾਜ ਵਿਚ ਸਮੁੱਚੇ ਵਰਤਾਂ ਦੁਆਲੇ ਉਸ ਦੀਆਂ ਮਿਥਿਕ-ਕਥਾਵਾਂ, ਸਾਂਝੀ ਮਾਈ, ਅਨਾਰਜਾਦੀ, ਖ਼ਰਬੂਜ਼ਾਜਾਦੀ ਆਦਿ ਦੀਆਂ ਮਿਥਿਕ-ਕਥਾਵਾਂ ਇਸ ਤਰ੍ਹਾਂ ਦੀ ਤਾਂਘ ਦੀ ਅਭਿਵਿਅਕਤੀ ਕਰਦੀਆਂ ਹਨ। ਪੰਜਾਬੀ ਸਭਿਆਚਾਰਕ ਮਨੋਵਿਗਿਆਨ ਵਿਚ ਮਨੁੱਖੀ ਉਤਪਤੀ ਅਤੇ ਬਨਸਪਤੀ ਭਾਈਵਾਲ ਹਨ। ਇਨ੍ਹਾਂ ਮਿਥਿਕ-ਕਥਾਵਾਂ ਵਿਚੋਂ ਪੰਜਾਬੀ ਮਨ ਦੀ ਇਹ ਧਾਰਨਾ ਸਪਸ਼ਟ ਹੁੰਦੀ ਹੈ ਕਿ ਪੰਜਾਬੀ ਮਨ ਧਰਤੀ ਦੀ ਅਨਾਜ ਪੈਦਾ ਕਰਨ ਦੀ ਸਮਰਥਾ ਅਤੇ ਔਰਤਾਂ ਦੀ ਜਣਨ ਸ਼ਕਤੀ ਨੂੰ ਸਮਾਨ ਵਰਤਾਰੇ ਵਜੋਂ ਗ੍ਰਹਿਣ ਕਰਦਾ ਹੈ। ਇਹ ਦੋਵੇਂ ਉਤਪਤੀ ਦੀਆਂ ਯੋਗਤਾਵਾਂ ਆਪਸ ਵਿਚ ਦਵੰਦਾਤਮਕ ਰਿਸ਼ਤੇ ਦੁਆਰਾ ਜੁੜੀਆਂ ਹੋਈਆਂ ਹਨ ਅਤੇ ਇਕ ਦੀ ਨਕਲ ਜਾਂ ਸੰਘਰਸ਼ ਦੂਸਰੀ ਨੂੰ ਪ੍ਰਭਾਵਤ ਕਰ ਸਕਣ ਦੇ ਸਮਰੱਥ ਅਨੁਭਵ ਕੀਤੀ ਜਾਂਦੀ ਹੈ।

3. ਪੰਜਾਬੀ ਮਿਥਿਕ-ਕਥਾਵਾਂ ਦਾ ਤੀਸਰਾ ਕਥਾ-ਸਮੂਹ ਰਾਜੇ ਰਾਣੀਆਂ, ਚੱਕਵਾ-ਚੱਕਵੀ, ਹੰਸ-ਹੰਸਣੀ, ਜੋਗੀ-ਗ੍ਰਹਿਸਥੀ ਅਤੇ ਤੋਤਾ-ਮੈਨਾ ਦੀਆਂ ਮਿਥਿਕ-ਕਥਾਵਾਂ ਨਾਲ ਸੰਬੰਧਤ ਹੈ। ਇਨ੍ਹਾਂ ਮਿਥਿਕ-ਕਥਾਵਾਂ ਵਿਚ ਪ੍ਰਮੁੱਖ ਤੌਰ ਤੇ ਔਰਤ-ਮਰਦ ਦੇ ਸੰਬੰਧਾਂ ਦੀ ਤਰਜਮਾਨੀ ਕੀਤੀ ਗਈ ਹੈ। ਇਨ੍ਹਾਂ ਚਿੰਨ੍ਹਾਂ ਰਾਹੀਂ ਮਰਦ ਅਤੇ ਔਰਤ ਦੀ ਸਮਾਜਕ ਅਤੇ ਆਰਥਕ ਪ੍ਰਸਥਿਤੀਆਂ ਦੀ ਡਾਇਲੈਕਟਿਕਸ ਵਿਅਕਤ ਹੁੰਦੀ ਹੈ। ਇਨ੍ਹਾਂ ਚਿੰਨ੍ਹਾਂ ਰਾਹੀਂ ਮਰਦ-ਔਰਤ ਦੇ ਸੰਬੰਧਾਂ ਦਾ ਮੁਲਾਂਕਣ ਕੀਤਾ ਗਿਆ ਹੁੰਦਾ ਹੈ, ਕਈ ਥਾਵਾਂ 'ਤੇ ਇਨ੍ਹਾਂ ਬਾਰੇ ਸਮਾਜਕ ਅਮਲ ਤੋਂ ਪਰੇ ਹੱਟ ਕੇ ਨਿਰਣੇ ਪੇਸ਼ ਕੀਤੇ ਗਏ ਹੁੰਦੇ ਹਨ। ਕਈ ਵਾਰੀ ਤਾਂ ਇਹ ਮਿਥਿਕ-ਕਥਾਵਾਂ ਔਰਤ ਮਰਦ ਦੇ ਸੰਬੰਧ ਨੂੰ ਦਾਰਸ਼ਨਿਕ ਪੱਧਰ 'ਤੇ ਬਿਆਨ ਕਰਦੀਆਂ ਹਨ। ਇਹ ਸੰਬੰਧ ਅਮੂਰਤ ਹੋ ਕੇ ਪ੍ਰਕਿਰਤੀ ਅਤੇ ਪੁਰਖ ਦੇ ਰੂਪ ਵਿਚ ਜੀਵਨ ਤੇ ਬ੍ਰਹਿਮੰਡ ਦੇ ਫਲਸਫ਼ੇ ਨੂੰ ਵੀ ਵਿਅਕਤ ਕਰਨ ਲਗਦੇ ਹਨ। ਰਾਜਾ, ਚਕਵਾ, ਹੰਸ, ਤੋਤਾ ਅਤੇ ਜੋਗੀ ਮਰਦ ਦੀ ਪ੍ਰਧਾਨ ਰੁਚੀ ਨੂੰ ਪ੍ਰਗਟ ਕਰਦੇ ਹਨ, ਜਿਸ ਅਨੁਸਾਰ ਔਰਤ ਨਾਚੀ, ਦਾਸੀ ਜਾਂ ਮਨ ਪਰਚਾਵੇ ਦਾ ਚਕਲਾ ਹੈ। ਇਹ ਮੂਲ ਰੂਪ ਵਿਚ ਬੇਵਫ਼ਾ ਹੈ। ਇਸ ਤੋਂ ਬਚ ਕੇ ਰਹਿਣਾ ਹੀ ਸਿਆਣਪ ਹੈ। ਇਸ ਦੇ ਉਲਟ ਰਾਣੀ, ਚਕਵੀ, ਹੰਸਣੀ ਅਤੇ ਮੈਨਾ, ਔਰਤ ਦੇ ਦੱਬੇ ਕੁਚਲੇ ਮਨੋਵਿਗਿਆਨ ਦੀ ਪ੍ਰਤੀਨਿਧਤਾ ਕਰਦੀਆਂ ਹਨ। ਇਸ ਵੰਨਗੀ ਦੀਆਂ ਸੈਂਕੜੇ ਮਿਥਿਕ-ਕਥਾਵਾਂ ਹਨ। ਇਹ ਮਿਥਿਕ-ਕਥਾਵਾਂ ਆਖ਼ਰ ਵਿਚ ਮਰਦ ਅਤੇ ਔਰਤ ਦੇ ਵਾਸਤਵਿਕ ਸੰਕਲਪਾਂ ਦੇ ਸੰਸਲੇਸ਼ਣ ਕਰਦੀਆਂ ਹਨ। ਇਸ

ਸੰਕਲਪ ਅਨੁਸਾਰ ਵਾਸਤਵ ਵਿਚ ਕੋਈ ਔਰਤ ਜਾਂ ਮਰਦ ਮਾੜਾ ਨਹੀਂ ਹੁੰਦਾ, ਇਹ ਕੁਝ ਖਾਸ ਪ੍ਰਸਥਿਤੀਆਂ ਹੀ ਹਨ, ਜਿਨ੍ਹਾਂ ਕਾਰਨ ਔਰਤ ਜਾਂ ਮਰਦ ਮਾੜੇ ਹੋ ਨਿਬੜਦੇ ਹਨ।

4. ਪੰਜਾਬੀ ਮਿਥਿਕ-ਕਥਾਵਾਂ ਦਾ ਇਕ ਹੋਰ ਪ੍ਰਮੁੱਖ ਕਥਾ-ਸਮੂਹ ਬਹੁ-ਪਤਨੀ ਅਤੇ ਬਹੁ-ਕੰਤੀ ਵਿਆਹ ਦੀ ਪ੍ਰਥਾ ਦੇ ਪ੍ਰਤੀਕਰਮ ਵਜੋਂ ਹੋਂਦ ਵਿਚ ਆਇਆ ਹੈ। ਇਸ ਕਥਾ ਸਮੂਹ ਦੀ ਪ੍ਰਮੁੱਖ ਕਥਾ ਪੂਰਨ ਅਤੇ ਲੂਣਾ ਦੀ ਹੈ। ਇਸ ਵੰਨਗੀ ਦੀਆਂ ਹੋਰ ਕਥਾਵਾਂ ਵਿਚ ਰੂਪ ਬਸੰਤ, ਜੈਮਲ ਫੱਤਾ, ਰੰਗਬੀਰ ਗੁਲਾਬ ਅਤੇ ਸ਼ੇਰ ਸਿੰਘ ਆਦਿ ਕਥਾਵਾਂ ਸਮਾਨ ਵਿਰੋਧਾਂ ਵਿਚੋਂ ਜਨਮ ਲੈਂਦੀਆਂ ਹਨ। ਪੂਰਨ ਅਤੇ ਲੂਣਾ ਸਥਾਪਤ ਸਮਾਜਕ ਜੁਗਤ ਦੇ ਪ੍ਰਮੁੱਖ ਰੁਝਾਨਾਂ ਨੂੰ ਵਿਅੱਕਤ ਕਰਦੇ ਹਨ। ਪੂਰਨ ਸਥਾਪਤ ਸਮਾਜਕ ਜੁਗਤ ਦੇ ਪ੍ਰਤਿਨਿਧ ਪੁਰਖ ਨੂੰ ਪ੍ਰਤੀਬਿੰਬਤ ਕਰਦਾ ਹੈ, ਲੂਣਾ ਔਰਤ ਦੇ ਕੁਦਰਤੀ ਮਨੋਵਿਗਿਆਨ ਦੀ ਪ੍ਰਤੀਨਿਧਤਾ ਕਰਦੀ ਹੋਈ, ਸਥਾਪਤ ਸਮਾਜਕ ਜੁਗਤ ਵਿਰੁੱਧ ਵਿਦਰੋਹ ਦੀ ਭਾਵਨਾ ਵਿਅਕਤ ਕਰਦੀ ਹੈ। ਇਨ੍ਹਾਂ ਮਿਥਿਕ-ਕਥਾਵਾਂ ਦਾ ਪ੍ਰਮੁੱਖ ਵਿਵਾਦ ਮਾਂ ਅਤੇ ਪੁੱਤਰ ਦੇ ਰਿਸ਼ਤੇ ਦੀ ਵਿਆਖਿਆ ਦਾ ਹੈ।

ਇਹਨਾਂ ਮਿਥਿਕ-ਕਥਾਵਾਂ ਵਿਚ ਮਤਰੇਈ ਮਾਂ ਅਤੇ ਮਤਰੇਏ ਪੁੱਤਰ ਵਿਚਕਾਰ ਵਿਵਾਦ ਹੈ। ਇਹਨਾਂ ਦੀ ਉਮਰ ਵਿਚ ਕੋਈ ਬਹੁਤ ਅੰਤਰ ਨਹੀਂ। ਮਤਰੇਈ ਮਾਂ ਆਮ ਪ੍ਰਚਲਿਤ ਰਿਸ਼ਤਾ ਨਹੀਂ। ਮਤਰੇਈ ਮਾਂ ਮਤਰੇਏ ਪੁੱਤਰ ਨੂੰ ਆਪਣੀ ਲਿੰਗ ਭੋਗ ਦੀ ਭਾਵਨਾ ਪ੍ਰਗਟ ਕਰਦੀ ਹੈ। ਉਸ ਦਾ ਵਿਚਾਰ ਹੈ ਕਿ ਉਹਨਾਂ ਦੋਹਾਂ ਵਿਚਕਾਰ ਧਰਮ ਅਤੇ ਕਰਮ ਦਾ ਕੋਈ ਰਿਸ਼ਤਾ ਨਹੀਂ, ਇਸ ਲਈ ਉਹਨਾਂ ਦੇ ਜਿਨਸੀ ਸੰਬੰਧ ਸੰਭਵ ਹਨ ਪਰ ਇਨ੍ਹਾਂ ਨੂੰ ਮਿਥਿਕ-ਕਥਾਵਾਂ ਦੇ ਨਾਇਕ ਧਰਮ ਦੀ ਮਾਂ ਸੰਬੋਧਤ ਕਰਦੇ ਹਨ। ਇਹ ਔਰਤਾਂ ਇਸ ਪਰਿਭਾਸ਼ਾ ਨੂੰ ਰੱਦ ਕਰਦੀਆਂ ਹਨ। ਉਹ ਆਪਣੀ ਹੈਸੀਅਤ ਨੂੰ ਇਕ ਔਰਤ ਵਜੋਂ ਪ੍ਰਵਾਨ ਕਰਵਾਉਣ ਲਈ ਸੰਘਰਸ਼ ਕਰਦੀਆਂ ਹਨ। ਇਸ ਰਿਸ਼ਤੇ ਦੁਆਰਾ ਕੀਤਾ ਗਿਆ ਵਿਰੋਧ ਜਗੀਰੂ ਸਮਾਜ ਨੂੰ ਸਿੱਧਾ ਚੈਲੰਜ ਹੈ। ਔਰਤ ਦੀ ਜਗੀਰੂ ਸਮਾਜ ਦੇ ਰਿਸ਼ਤਿਆਂ ਵਿਰੁੱਧ ਬਗ਼ਾਵਤ ਹੈ। ਇਹ ਕਥਾਵਾਂ ਪੁਰਸ਼ ਦੇ ਸ੍ਰੋਤ ਦੀ ਸਥਾਪਨਾ ਲਈ ਨਹੀਂ ਸਗੋਂ ਇਨ੍ਹਾਂ ਮਿਥਿਕ-ਕਥਾਵਾਂ ਦੁਆਰਾ ਤਾਂ ਔਰਤਾਂ ਸਮੇਂ ਦੇ ਦਰਸ਼ਨ ਨੂੰ ਵੰਗਾਰਦੀਆਂ ਹਨ। ਇਹ ਦਰਸ਼ਨ ਔਰਤ ਨੂੰ ਗੁਲਾਮੀ ਦੀ ਜੰਜ਼ੀਰ ਵਿਚ ਜਕੜ ਕੇ ਸਿਰਫ਼ ਐਸ਼ੋ ਇਸ਼ਰਤ ਦੀ ਵਸਤੂ ਤੱਕ ਸੀਮਤ ਰਹਿੰਦਾ ਹੈ। ਇਸ ਵਿਚ ਔਰਤ ਦੀ ਮਰਜ਼ੀ ਨੂੰ ਕੋਈ ਥਾਂ ਨਹੀਂ।

ਇਹ ਮਿਥਿਕ-ਕਥਾਵਾਂ ਔਰਤ ਦੇ ਕੁਦਰਤੀ ਮਨੋਵਿਗਿਆਨ ਦਾ ਸੰਚਾਲਨ ਕਰਦੀਆਂ ਹਨ। ਇਹ ਮਿਥਿਕ-ਕਥਾਵਾਂ ਬਹੁ-ਵਿਆਹ ਦੀ ਪਿਰਤ ਦਾ ਵਿਰੋਧ ਕਰਦੀਆਂ ਹਨ। ਜਿਥੇ ਪਹਿਲੇ ਵਿਆਹ ਤੋਂ ਔਲਾਦ ਹੋਵੇ, ਉਥੇ ਦੂਸਰੇ ਵਿਆਹ ਨੂੰ ਸਭਿਆਚਾਰ ਪੱਖੋਂ ਦਰੁਸਤ ਨਹੀਂ ਮੰਨਿਆ ਗਿਆ। ਦੂਸਰਾ ਇਹ ਔਰਤ ਉਪਰ ਸਮਾਜ ਵਲੋਂ ਠੋਸੀ ਗਈ ਪਰਿਭਾਸ਼ਾ ਨੂੰ ਠੁਕਰਾ ਕੇ ਜਗੀਰੂ ਦਰਸ਼ਨ ਨੂੰ ਵੰਗਾਰਦੀਆਂ ਹਨ। ਇਸ ਅਵਸਥਾ 'ਤੇ ਔਰਤ ਦਾ ਜਗੀਰੂ ਰਿਸ਼ਤਿਆਂ ਤੋਂ ਮੁਨਕਰ ਹੋਣਾ ਹੀ ਬਗ਼ਾਵਤ ਦਾ ਚਿੰਨ੍ਹ ਹੈ, ਉਸ ਦੀ ਆਜ਼ਾਦੀ ਵੱਲ ਪੁੱਟੀ ਗਈ ਪੁਲਾਂਘ ਹੈ। ਇਨ੍ਹਾਂ ਔਰਤਾਂ ਦਾ ਪਿਆਰ ਪਹਿਲੀ ਤੱਕਣੀ ਦਾ ਪਿਆਰ ਹੈ। ਜਦੋਂ ਹੀ ਇਹ ਔਰਤਾਂ ਆਪਣੇ ਹਾਣ ਦੇ ਮਰਦ ਨੂੰ ਵੇਖਦੀਆਂ ਹਨ ਤਾਂ ਉਹਨਾਂ ਉਪਰ ਡੁਲ੍ਹ ਪੈਂਦੀਆਂ ਹਨ। ਪਿਆਰ ਦੀ ਇਹ ਵੰਨਗੀ ਤੋਤਾ-ਮੈਨਾ ਦੀਆਂ ਮਿਥਿਕ-ਕਥਾਵਾਂ ਵਿਚ ਵੀ ਮਿਲਦੀ ਹੈ। ਪਿਆਰ ਦਾ ਇਹੀ ਸੰਕਲਪ ਮੱਧਕਾਲੀਨ ਪੰਜਾਬੀ ਮਿਥਿਕ-ਕਥਾਵਾਂ ਵਿਚ ਪ੍ਰਚਲਿਤ ਰਹਿੰਦਾ ਹੈ। ਔਰਤ ਦਾ ਇਹ ਪਿਆਰ ਉਸ ਦੀ ਕੁਦਰਤੀ ਹੋਂਦ ਦੀ ਭੁੱਖ ਨੂੰ ਚਿੰਨ੍ਹਿਤ ਕਰਦਾ ਹੈ। ਔਰਤ ਦੀ ਕੁਦਰਤੀ ਚੋਣ, ਜਾਇਦਾਦ ਦੀ ਪ੍ਰਥਾ ਕਾਰਨ ਉਸ ਦੇ ਹੱਥੋਂ ਖੁੱਸ ਗਈ ਸੀ।

ਇਹਨਾਂ ਮਿਥਿਕ-ਕਥਾਵਾਂ ਵਿਚ ਵਿਆਹ ਕੋਈ ਕੁਦਰਤੀ ਜੋੜ 'ਤੇ ਆਧਾਰਤ ਨਹੀਂ। ਪਤੀ ਬੁੱਢੇ ਹਨ, ਪਤਨੀਆਂ ਜਵਾਨ ਹਨ। ਕੁਦਰਤੀ ਤੌਰ 'ਤੇ ਕੋਈ ਮੇਲ ਨਹੀਂ। ਇਹਨਾਂ ਦੀ ਉਮਰ ਅਤੇ ਵਿਚਾਰਾਂ ਵਿਚ ਪੀੜ੍ਹੀ ਦਾ ਪਾੜਾ ਹੈ। ਇਸ ਲਈ ਔਰਤਾਂ ਦੇ ਆਪਣੇ ਹਾਣ ਦੇ ਮਰਦਾਂ 'ਤੇ ਮੋਹਿਤ ਹੋਣਾ ਕੋਈ ਗ਼ੈਰ ਕੁਦਰਤੀ ਨਹੀਂ। ਇਹਨਾਂ ਔਰਤਾਂ ਦਾ ਦੂਸਰਾ ਮੁੱਖ ਕੰਮ ਪੁੱਤਰ 'ਤੇ ਦੋਸ਼ ਲਾਉਣਾ ਹੈ। ਇਹ ਸਮੇਂ ਦੀ ਤੱਕਣੀ ਤੋਂ ਅਨੈਤਿਕਤ ਹੋ ਸਕਦਾ ਹੈ ਪਰ ਇਸ ਮਰਦ ਪ੍ਰਧਾਨ ਸਮਾਜ ਵਿਚ ਔਰਤ ਦਾ ਮੁੱਖ ਦੁਸ਼ਮਣ ਮਰਦ ਹੈ, ਭਾਵੇਂ ਪਿਉ ਹੋਵੇ ਜਾਂ ਪਤੀ। ਸਿਰਫ਼ ਪੁੱਤਰ ਹੀ ਮਾਂ ਦਾ ਹਮਦਰਦ ਹੈ। ਮਰਦ ਪ੍ਰਧਾਨ ਸਮਾਜ ਵਿਚ ਪਿਉ ਹੀ ਪੁੱਤਰ ਦੇ ਜਿਨਸੀ ਸਬੰਧਾਂ ਦਾ ਨਿਰਣਾ ਕਰਦਾ ਹੈ। ਪਿਉ ਦਾ ਵੰਸ਼ ਪੁੱਤਰ ਦੁਆਰਾ ਚਲਦਾ ਹੈ। ਇਸ ਤਰ੍ਹਾਂ ਇਹ ਔਰਤਾਂ ਦੂਹਰਾ ਬਦਲਾ ਲੈਂਦੀਆਂ ਹਨ। ਇਕ ਤਾਂ ਉਹ ਆਪਣੇ ਹਾਣੀਆਂ ਨੂੰ ਉਹਨਾਂ ਦੀਆਂ ਭਾਵਨਾਵਾਂ ਦੇ ਨਿਰਾਦਰ ਦੀ ਸਜ਼ਾ ਦਿਵਾਉਣਾ ਚਾਹੁੰਦੀਆਂ ਹਨ, ਦੂਸਰਾ ਉਹ ਆਪਣੇ ਬੁੱਢੇ ਪਤੀਆਂ ਦੇ ਵੰਸ਼ ਨੂੰ ਨਾਸ਼

ਕਰਨਾ ਚਾਹੁੰਦੀਆਂ ਹਨ। ਤੀਸਰੇ ਉਹ ਸਥਾਪਤ ਸਮਾਜਕ ਅਤੇ ਧਾਰਮਕ ਜੁਗਤ ਨੂੰ ਵੰਗਾਰਦੀਆਂ ਹਨ। ਇਹ ਮਿਥਿਕ-ਕਥਾਵਾਂ ਬਹੁ-ਵਿਆਹਾਂ ਦੇ ਅਮਲ ਨੂੰ ਵੰਗਾਰਦੀਆਂ ਹਨ। ਬਹੁ-ਵਿਆਹੁਤਾ ਦੇ ਬੁਰੇ ਨਤੀਜਿਆਂ ਦੁਆਰਾ ਇਸ ਵਿਰੁੱਧ ਲੋਕਾਂ ਦਾ ਮਨੋ-ਬਲ ਉਭਾਰਦੀਆਂ ਹਨ।

5. ਪੰਜਾਬੀ ਮਿਥਿਕ-ਕਥਾਵਾਂ ਦਾ ਇਕ ਹੋਰ ਪ੍ਰਮੁੱਖ ਕਥਾ-ਸਮੂਹ, ਮੱਧਕਾਲ ਦੀਆਂ ਰੋਮਾਂਟਿਕ ਮਿਥਿਕ-ਕਥਾਵਾਂ ਨਾਲ ਸੰਬੰਧਿਤ ਹੈ। ਇਹ ਮਿਥਿਕ-ਕਥਾਵਾਂ ਰੂਪਕ ਪੱਧਰ ਤੇ ਲੋਕ ਕਥਾਵਾਂ ਦੇ ਨਾਂ ਨਾਲ ਜਾਣੀਆਂ ਜਾਂਦੀਆਂ ਹਨ। ਇਹਨਾਂ ਨੂੰ ਮਿਥਿਕ-ਕਥਾਵਾਂ ਦੇ ਚਿੰਨ੍ਹਤ ਦਾ ਤੀਸਰਾ ਪੱਧਰ ਮਿਥਿਕ-ਕਥਾ ਨਾਲ ਅਭੇਦ ਹੈ। ਇਸ ਲਈ ਇਹਨਾਂ ਨੂੰ ਵੀ ਮਿਥਿਕ-ਕਥਾ ਦੇ ਪ੍ਰਸੰਗ ਹੀ ਰੱਖਿਆ ਗਿਆ ਹੈ। ਇਸ ਦੀਆਂ ਪ੍ਰਮੁੱਖ ਕਥਾਵਾਂ ਹੀਰ ਰਾਂਝਾ, ਸੱਸੀ ਪੁੰਨੂੰ, ਸੋਹਣੀ ਮਹੀਂਵਾਲ ਅਤੇ ਮਿਰਜ਼ਾ ਸਾਹਿਬਾਂ ਹਨ। ਇਹਨਾਂ ਮਿਥਿਕ-ਕਥਾਵਾਂ ਦਾ ਆਧਾਰ ਸਮਾਜਕ ਹੈ। ਇਹ ਸਮਾਜ ਦੀ ਉਪਜਤਾ ਦੀ ਸ਼ਾਇਕੀ ਵਿਚੋਂ ਪੁੰਗਰਦੀਆਂ ਹਨ। ਉਪਜਤਾ ਦੀ ਸਾਇਕੀ ਦੇ ਸੰਦਰਭ ਵਿਚ ਵਿਚਰਦੀਆਂ ਹੋਈਆਂ ਇਹ ਮਿਥਿਕ-ਕਥਾਵਾਂ ਔਰਤ ਅਤੇ ਮਰਦ, ਬੰਧਨ ਅਤੇ ਇੱਛਾ, ਪ੍ਰਵਿਰਤੀ ਅਤੇ ਵਿਅਕਤੀ ਦੇ ਦਵੰਦਾਤਮਕ ਰਿਸ਼ਤੇ ਦੀਆਂ ਗੁੰਝਲਾਂ ਸਥਾਪਤ ਸਮਾਜਕ ਯਥਾਰਥ ਦੇ ਸੰਦਰਭ ਵਿਚ ਹੱਲ ਨਹੀਂ ਹੁੰਦੀਆਂ ਤਾਂ ਇਹ ਮਿਥਿਕ-ਕਥਾਵਾਂ ਉਹਨਾਂ ਦਾ ਪ੍ਰਤੀਵਾਦੀ ਹੱਲ ਪੇਸ਼ ਕਰਦੀਆਂ ਹਨ। ਇਹਨਾਂ ਮਿਥਿਕ-ਕਥਾਵਾਂ ਵਿਚ ਖ਼ੂਨ ਦੇ ਰਿਸ਼ਤੇ ਵਿਚੋਂ ਪਿਉ, ਭਰਾ, ਭੈਣ, ਆਦਿ ਸਮੇਂ ਦੀ ਸਥਾਪਤ ਆਰਥਕ ਅਤੇ ਸਮਾਜਕ ਪ੍ਰਬੰਧ ਦੀ ਪ੍ਰਤੀਨਿਧਤਾ ਕਰਦੇ ਹਨ। ਇਹਨਾਂ ਰਿਸ਼ਤਿਆਂ ਵਿਚ ਪਿਉ ਦਾ ਦਰਜਾ ਵਿਸ਼ੇਸ਼ ਹੈ। ਪਿਉ ਪਰਿਵਾਰ ਦਾ ਮੁਖੀ ਹੋਣ ਦੇ ਨਾਤੇ ਸਮਾਜਕ ਇਕਾਈ ਦਾ ਮੁਖੀ ਹੈ। ਉਸ ਦਾ ਪੈਦਾਵਾਰ ਦੇ ਸਾਧਨਾਂ 'ਤੇ ਕਬਜ਼ਾ ਹੈ। ਇਸ ਕਰਕੇ ਉਹ ਖ਼ਾਸ ਤੌਰ 'ਤੇ ਸਮਾਜਕ ਪ੍ਰਬੰਧ ਦਾ ਰਾਖਾ ਹੈ। ਦੂਸਰੇ ਹੱਥ ਸਮਾਜਕ ਪ੍ਰਬੰਧ ਜਿਹੜਾ ਪੈਦਾਵਾਰੀ ਸਾਧਨਾਂ ਅਤੇ ਪੈਦਾਵਾਰੀ ਪ੍ਰਸਥਿਤੀਆਂ ਵਿਚੋਂ ਜਨਮ ਲੈਂਦਾ ਹੈ, ਧਾਰਮਕ ਅਤੇ ਰੂਹਾਨੀ ਪ੍ਰਬੰਧ ਦਾ ਸਿਰਜਨ ਕਰਦਾ ਹੈ। ਕਿਸੇ ਸਮਾਜ ਦੀ ਜਿਹੋ ਜਿਹੀ ਆਪਣੇ ਚੌਗਿਰਦੇ ਪ੍ਰਤੀ ਚੇਤਨਾ ਹੋਵੇਗੀ ਉਸ ਅਨੁਸਾਰ ਹੀ ਉਸ ਦੀਆਂ ਮੁਸ਼ਕਲਾਂ ਦੇ ਰੱਖਿਅਕ ਦੇਵੀ, ਦੇਵਤੇ ਹੋਣਗੇ। ਸਮਾਜ ਦੇ ਆਰਥਕ ਅਤੇ ਸਮਾਜਕ ਪ੍ਰਬੰਧ ਪ੍ਰਤੀ ਚੇਤਨਾ ਦਾ ਧਾਰਮਕ ਅਤੇ ਰੂਹਾਨੀ ਲੋੜਾਂ ਦੀ ਕਲਪਨਾ ਨਾਲ ਸਿੱਧਾ ਸੰਬੰਧ ਹੁੰਦਾ ਹੈ। ਇਹਨਾਂ ਮਿਥਿਕ-ਕਥਾਵਾਂ ਦੇ ਨਾਇਕ ਅਤੇ ਨਾਇਕਾਵਾਂ ਸਮਾਜ ਦੀਆਂ ਸਥਾਪਤ ਕਠੋਰ ਪ੍ਰਸਥਿਤੀਆਂ ਵਿਚ ਆਪਸ ਵਿਚ ਮਿਲ ਨਹੀਂ ਸਕਦੇ। ਇਸ ਲਈ ਉਹ ਅਜਿਹੇ ਮਾਹੌਲ ਦੀ ਸਿਰਜਣਾ ਕਰਦੇ ਹਨ ਜਿਥੇ ਉਹਨਾਂ ਦਾ ਮੇਲ ਸੰਭਵ ਹੋਵੇ। ਇਹ ਮੇਲ ਜਿੱਥੇ ਮਨੁੱਖ ਦੇ ਅਪੂਰਨ ਆਪੇ ਲਈ ਧੀਰਜ ਦਾ ਸਾਧਨ ਹੈ, ਉਥੇ ਸਮਾਜਕ ਪਰਿਵਰਤਨ ਦੀ ਚੇਤਨਾ ਦਾ ਬੀਜ ਵੀ ਹੈ। ਅਤੀਤ ਦੇ ਰਿਸ਼ਤੇ ਪੱਕੇ ਅਤੇ ਸਥਿਰ ਹਨ। ਇਹਨਾਂ ਵਿਚ ਇਸ਼ਕ ਮਜ਼ਾਜ਼ੀ ਹੀ ਸੰਭਵ ਹੈ। ਪਰ ਇਹ ਇਸ਼ਕ ਦੀਆਂ ਦੋਵੇਂ ਵੰਨਗੀਆਂ ਵੱਖਰੀਆਂ ਨਹੀਂ ਸਗੋਂ ਦਵੰਦਾਤਮਕ ਰਿਸ਼ਤੇ ਦੁਆਰਾ ਵਿਅਕਤ ਇਕਾਈ ਦੇ ਦੋ ਰੂਪ ਹਨ।

ਲੋਕ-ਮਨੋਵਿਗਿਆਨ ਦੀ ਸਿਰਜਨ ਪ੍ਰਕਿਰਿਆ ਵਿਚ ਵਿਅਕਤੀ ਅਤੇ ਸਮਾਜ ਦਾ ਰਿਸ਼ਤਾ ਅਹਿਮ ਭੂਮਿਕਾ ਨਿਭਾਉਂਦਾ ਹੈ। ਇਹਨਾਂ ਮਿਥਿਕ-ਕਥਾਵਾਂ ਵਿਚ ਵਿਅਕਤੀ ਅਤੇ ਸਮਾਜ ਦਾ ਰਿਸ਼ਤਾ ਪ੍ਰਮੁੱਖ ਤੌਰ 'ਤੇ ਉਭਰ ਕੇ ਸਾਹਮਣੇ ਆਇਆ ਹੈ। ਹੀਰ-ਰਾਂਝਾ, ਸੱਸੀ-ਪੁੰਨੂੰ, ਸੋਹਣੀ ਮਹੀਂਵਾਲ ਅਤੇ ਮਿਰਜਾ ਸਾਹਿਬਾਂ ਸਮਾਜਕ ਪਰਿਵਾਰ ਵਿਚੋਂ ਉਖੜੇ ਵਿਅਕਤੀਆਂ ਦੀ ਦਾਸਤਾ ਦਾ ਵਰਨਣ ਕਰਦੇ ਹਨ। ਇਹ ਵਿਅਕਤੀ ਸਮਾਜਕ ਪ੍ਰਸੰਗ ਤੋਂ ਟੁੱਟ ਕੇ ਆਪਸੀ ਸ਼ਰਤਾਂ 'ਤੇ ਆਧਾਰਤ ਆਜ਼ਾਦ ਹਸਤੀ ਦੀ ਸਿਰਜਣਾ ਦਾ ਯਤਨ ਕਰਦੇ ਹਨ। ਪਰ ਸਮਾਜ ਉਨ੍ਹਾਂ ਨੂੰ ਅਜਿਹੀ ਆਗਿਆ ਨਹੀਂ ਦਿੰਦਾ। ਸਮੇਂ ਦਾ ਸਮਾਜ ਜਗੀਰੂ ਕਦਰਾਂ ਕੀਮਤਾਂ ਦਾ ਧਾਰਨੀ ਹੈ। ਇਸ ਵਿਚ ਔਰਤ ਅਤੇ ਮਰਦ ਦਾ ਰਿਸ਼ਤਾ ਲੁੱਟ 'ਤੇ ਆਧਾਰਤ ਹੈ। ਜਗੀਰੂ ਸਮਾਜ ਦਾ ਮਨੋਵਿਗਿਆਨ ਔਰਤ ਨੂੰ ਕਿਸੇ ਕਿਸਮ ਦੀ ਆਜ਼ਾਦੀ ਦੇਣ ਲਈ ਤਿਆਰ ਨਹੀਂ। ਇਹ ਸਮਾਜ ਕੁਦਰਤੀ ਚੋਣ ਵਿਧੀ ਅਤੇ ਔਰਤ ਨੂੰ ਆਪਣੇ ਮਨਪਸੰਦ ਸਾਥੀ ਦੀ ਚੋਣ ਕਰਨ ਦੀ ਆਗਿਆ ਨਹੀਂ ਦਿੰਦਾ। ਇਨ੍ਹਾਂ ਮਿਥਿਕ-ਕਥਾਵਾਂ ਦੀਆਂ ਨਾਇਕਾਵਾਂ, ਇਸ਼ਕ ਦੇ ਮਾਧਿਅਮ ਰਾਹੀਂ ਜਗੀਰੂ ਸਮਾਜ ਦੇ ਇਸ ਦਰਸ਼ਨ ਵਿਰੁੱਧ ਬਗ਼ਾਵਤ ਦਾ ਝੰਡਾ ਬੁਲੰਦ ਕਰਦੀਆਂ ਹਨ।

ਇਹ ਪ੍ਰਤੀਵਾਦ ਇਕ ਸ਼ਕਤੀਸ਼ਾਲੀ ਪਤੀ ਪਰਮੇਸ਼ਵਰ ਦੇ ਰੂਪ ਰਾਹੀਂ ਵਿਅਕਤ ਹੁੰਦਾ ਹੈ, ਜਿਸ ਦੇ ਮੁਕਾਬਲੇ ਵਿਚ ਸੰਸਾਰਕ ਮਨੁੱਖ ਪਤਨੀਆਂ ਦਾ ਰੂਪ ਧਾਰਨ ਕਰ ਲੈਂਦੇ ਹਨ। ਜਿਸ ਸਮਾਜ ਵਿਚ ਪਤੀ ਸ਼ਕਤੀਸ਼ਾਲੀ ਹੈ ਅਤੇ ਔਰਤ ਦਾ ਦਰਜਾ ਸਹਾਇਕ ਹੈ, ਉਸ ਸਮਾਜ ਵਿਚ ਆਤਮਾ ਅਤੇ ਪ੍ਰਮਾਤਮਾ ਦੇ ਰਿਸ਼ਤੇ ਨੂੰ ਪ੍ਰਗਟ ਕਰਨ ਲਈ ਇਹ ਦਵੰਦ ਉਤਮ ਹੈ। ਜਿਸ ਤਰ੍ਹਾਂ ਇਹਨਾਂ ਮਿਥਿਕ-ਕਥਾਵਾਂ ਦੇ ਨਾਇਕ ਅਤੇ ਨਾਇਕਾਵਾਂ ਆਪਸੀ ਮੇਲ ਅਤੇ ਪੂਰਨਤਾ ਲਈ ਤੜਫ਼ਦੇ, ਇਸੇ ਤਰ੍ਹਾਂ ਆਤਮ ਰੂਪੀ ਇਸਤਰੀ ਆਪਣੇ ਪਤੀ ਪਰਮੇਸ਼ਵਰ ਨੂੰ ਮਿਲਣ ਲਈ ਤੜਫ਼ਦੀ ਹੈ। ਦੋਹਾਂ ਵਰਤਾਰਿਆਂ ਵਿਚ ਕੁਝ

ਸਮਾਨਤਾ ਹੈ। ਇਸਤਰੀ ਪਤੀ ਪਰਮੇਸ਼ਵਰ ਨੂੰ ਪਿਆਰੀ ਹੁੰਦੀ ਹੈ ਅਤੇ ਮਰਦ ਮੌਤ ਲਾੜੀ ਨੂੰ ਵਿਆਹੁੰਦਾ ਹੈ। ਇਸ ਤਰ੍ਹਾਂ ਇਹਨਾਂ ਮਿਥਿਕ-ਕਥਾਵਾਂ ਦੁਆਰਾ ਪ੍ਰਗਟ ਕੀਤਾ ਗਿਆ ਦਰਸ਼ਨ ਮੱਧ ਕਾਲ ਦੇ ਪ੍ਰਮੁੱਖ ਦਾਰਸ਼ਨਿਕ ਵਿਚਾਰਾਂ ਦੀ ਪ੍ਰੋੜ੍ਹਤਾ ਕਰਦਾ ਹੈ।

6. ਪੰਜਾਬੀ ਮਿਥਿਕ-ਕਥਾਵਾਂ ਦਾ ਇਕ ਹੋਰ ਕਥਾ-ਸਮੂਹ ਮਹਾਂ-ਪੁਰਖਾਂ ਦੇ ਜੀਵਨ ਬਿਰਤਾਂਤਾਂ ਨਾਲ ਸੰਬੰਧਤ ਹੈ। ਇਸ ਵਿਚ ਧਰੂ ਭਗਤ ਤੋਂ ਲੈ ਕੇ ਬਾਬੇ ਨਾਨਕ ਤੱਕ ਪ੍ਰਚਲਿੱਤ ਸਮੂਹ ਜੀਵਨ ਬਿਰਤਾਂਤ ਸ਼ਾਮਲ ਹਨ। ਪਰ ਅਜੋਕੀ ਪ੍ਰਸਥਿਤੀ ਵਿਚ ਵਧੇਰੇ ਅਹਿਮੀਅਤ ਜਨਮਸਾਖੀਆਂ ਨੂੰ ਹੀ ਪ੍ਰਾਪਤ ਹੈ। ਜਨਮ ਸਾਖੀਆਂ ਆਪਣੇ ਨਾਇਕ ਦੇ ਜੀਵਨ ਦੁਆਲੇ ਇਸ ਤਰ੍ਹਾਂ ਵਲੇਟੀਆਂ ਹੋਈਆਂ ਹਨ ਕਿ ਇਹ ਕਹਿਣਾ ਮੁਸ਼ਕਲ ਹੈ ਕਿ ਇਹ ਸੱਚੀਆਂ ਘਟਨਾਵਾਂ ਨਹੀਂ। ਜਨਮ-ਸਾਖੀਆਂ ਦਾ ਚਿੰਨ੍ਹ ਪ੍ਰਵਾਹ ਨਿਰੋਲ ਬਿਰਤਾਂਤਕ ਹੀ ਨਹੀਂ ਹੈ, ਇਹ ਸਭਿਆਚਾਰ ਦੇ ਗਹਿਰੇ ਪੱਧਰ 'ਤੇ ਵਿਚਰਦੀਆਂ ਹਨ। ਇਹਨਾਂ ਦਾ ਵਹਿਣ ਵੀ ਸੰਸਾਰਕ ਪੱਧਰ ਦਾ ਹੈ। ਇਸ ਲਈ ਇਹਨਾਂ ਨੂੰ ਮਿਥਿਕ-ਕਥਾਵਾਂ ਦੀ ਵੰਨਗੀ ਵਿਚ ਹੀ ਰੱਖਿਆ ਗਿਆ ਹੈ। ਇਹ ਮਿਥਿਕ-ਕਥਾਵਾਂ ਮੁੱਢਲੇ ਰੂਪਾਂ ਤੋਂ ਪਰਿਵਰਤਤ ਹਨ। ਇਹਨਾਂ ਨੂੰ ਸਮਾਜਕ ਯਥਾਰਥ ਤੋਂ ਵੱਖ ਕਰਨਾ ਮੁਸ਼ਕਲ ਹੈ। ਇਹ ਸਮਾਜ ਅੰਦਰ ਚੱਲ ਰਹੀ ਅੰਤਰ ਵਿਰੋਧਾਂ ਦੀ ਡਾਇਲੈਕਟਿਕਸ ਨੂੰ ਵਿਅਕਤ ਕਰਦੀਆਂ ਹਨ। ਗੁਰੂ ਸਾਹਿਤ ਨਵੀਆਂ ਉਸਰ ਰਹੀਆਂ ਸਮਾਜਕ ਅਤੇ ਸਭਿਆਚਾਰਕ ਕਦਰਾਂ ਕੀਮਤਾਂ ਦੇ ਚਿੰਨ੍ਹ ਦਾ ਧੁਰਾ ਹੈ। ਇਹ ਮਿਥਿਕ-ਕਥਾਵਾਂ ਭਾਰਤੀ ਸਭਿਆਚਾਰ ਵਿਚ ਚੱਲ ਰਹੀ ਲੁੱਟ ਅਤੇ ਮਿਹਨਤ ਦੀ ਡਾਇਲੈਕਟਿਕਸ ਨੂੰ ਸੂਖਮ ਪੱਧਰ 'ਤੇ ਅਧਿਆਤਮਕ ਪ੍ਰਸੰਗ ਵਿਚ ਪੇਸ਼ ਕਰਦੀਆਂ ਹਨ। ਚਿੜੀ ਕਾਂ ਦੀਆਂ ਮਿਥਿਕ-ਕਥਾਵਾਂ ਵਿਚ ਮਿਹਨਤ ਦੇ ਰਿਸ਼ਤਿਆਂ ਦੀ ਰਾਖੀ ਕੁਦਰਤੀ ਸ਼ਕਤੀਆਂ ਦੁਆਰਾ ਹੋਈ ਹੈ। ਇਨ੍ਹਾਂ ਮਿਥਿਕ-ਕਥਾਵਾਂ ਵਿਚ ਕੁਦਰਤ ਦੀਆਂ ਸ਼ਕਤੀਆਂ ਸਾਕਾਰ ਰੂਪ ਵਿਚ ਗੁਰੂ ਸਾਹਿਬ ਰਾਹੀਂ ਵਿਅਕਤ ਹੋਈਆਂ ਹਨ। ਮਿਹਨਤ ਤੇ ਨੇਕੀ ਦੇ ਰਿਸ਼ਤਿਆਂ ਦੀ ਅਗਵਾਈ ਗੁਰੂ ਸਾਹਿਬ ਕਰਦੇ ਹਨ। ਲੁੱਟ ਅਤੇ ਬਦੀ ਦੇ ਰਿਸ਼ਤਿਆਂ ਦੀ ਹਰ ਥਾਂ 'ਤੇ ਹਾਰ ਹੁੰਦੀ ਹੈ। ਲੁੱਟ ਦੇ ਰਿਸ਼ਤਿਆਂ ਦੀਆਂ ਪ੍ਰਤੀਨਿਧ ਸ਼ਕਤੀਆਂ ਹਾਰ ਮੰਨ ਕੇ ਗੁਰੂ ਸਾਹਿਬ ਦੀਆਂ ਸ਼ਰਧਾਲੂ ਬਣ ਜਾਂਦੀਆਂ ਹਨ। ਇਹ ਪਰਿਵਰਤਨ ਸਮਾਜਕ ਵਿਕਾਸ ਦੇ ਉਸ ਨਿਸ਼ਚਿਤ ਪੜਾਅ ਵੱਲ ਸੰਕੇਤ ਕਰਦਾ ਹੈ, ਜਿਥੇ ਲੁੱਟ ਦੇ ਰਿਸ਼ਤਿਆਂ ਦਾ ਪਤਨ ਸ਼ੁਰੂ ਹੁੰਦਾ ਹੈ ਅਤੇ ਮਿਹਨਤ ਦੇ ਰਿਸ਼ਤੇ ਸਥਾਪਤੀ ਦਾ ਰੂਪ ਧਾਰਨ ਕਰਦੇ ਹਨ। ਇਹ ਸਮਾਜਕ ਪਰਿਵਰਤਨ ਦੀਆਂ ਅਲਾਮਤਾਂ ਹਨ।

ਇਹਨਾਂ ਮਿਥਿਕ-ਕਥਾਵਾਂ ਵਿਚ ਲੁੱਟ ਅਤੇ ਮਿਹਨਤ ਦੇ ਰਿਸ਼ਤੇ ਕਰਮਵਾਰ ਸੂਰਜ ਅਤੇ ਪਾਣੀ ਚਿੰਨ੍ਹਕਾਂ ਦੁਆਰਾ ਚਿੰਨ੍ਹਤ ਹੋਏ ਹਨ। ਪਾਣੀ ਸ਼ਾਂਤੀ, ਨਿਰਪੱਖਤਾ ਨੇਕ ਨੀਤੀ ਅਤੇ ਭਾਈਚਾਰਕ ਕਦਰਾਂ-ਕੀਮਤਾਂ ਦੇ ਚਿੰਨ੍ਹਨ ਦੇ ਧੁਰੇ ਵਜੋਂ ਉਭਰਦਾ ਹੈ। ਚਿੰਨ੍ਹਨ ਦੇ ਇਹਨਾਂ ਦੋਹਾਂ ਧੁਰਿਆਂ ਵਿਚ ਸਿੱਧਾ ਵਿਰੋਧ ਹੈ। ਇਹਨਾਂ ਮਿਥਿਕ-ਕਥਾਵਾਂ ਵਿਚ ਇਹ ਆਪਸ ਵਿਚ ਟਕਰਾਉਂਦੇ ਹਨ। ਆਖਿਰ ਜਿੱਤ ਪਾਣੀ ਦੀ ਜਿੱਤ, ਸੂਰਜ 'ਤੇ ਧਰਤੀ ਦੀ ਜਿੱਤ ਹੈ, ਕਥਨੀ 'ਤੇ ਕਰਨੀ ਦੀ ਜਿੱਤ ਹੈ। ਕਲਪਨਾ ਤੇ ਸਮਾਜਕ ਅਮਲ ਦੀ ਜਿੱਤ ਹੈ। ਇਹ ਹੀ ਸਮਾਜਕ ਵਿਕਾਸ ਦੀ ਡਾਇਲੈਕਟਿਕਸ ਦਾ ਕਰਮ ਹੈ। ਸਮਾਜਕ ਕਲਪਨਾ ਦਾ ਸਮਾਜਕ ਅਮਲ ਬਦਲ ਬਣਦਾ ਰਿਹਾ।

ਇਹਨਾਂ ਮਿਥਿਕ-ਕਥਾਵਾਂ ਵਿਚ ਕਾਂ ਦਾ ਕਿਰਦਾਰ, ਮਲਕ ਭਾਗੋ, ਕੌਡਾ ਰਾਕਸ਼, ਵਲੀ ਕੰਧਾਰੀ, ਸੱਜਣ ਠੱਗ ਆਦਿ ਦੁਆਰਾ ਪ੍ਰਗਟ ਹੋਇਆ ਹੈ ਅਤੇ ਚਿੜੀ ਦਾ ਭਾਈ ਲਾਲੋ ਅਤੇ ਮਰਦਾਨੇ ਰਾਹੀਂ ਇਨ੍ਹਾਂ ਚਿੰਨ੍ਹਾਂ ਦਾ ਸਾਰਥਕ ਪਰਿਵਰਤਨ ਹੈ। ਇਹਨਾਂ ਮਿਥਿਕ-ਕਥਾਵਾਂ ਰਾਹੀਂ ਨਵੇਂ ਲੋਕਹਿਤੀ ਦਰਸ਼ਨ ਦੇ ਉਭਾਰ ਦੀ ਪ੍ਰਕਿਰਿਆ ਵਿਅਕਤ ਹੁੰਦੀ ਹੈ। ਕਈ ਕਥਾਵਾਂ, ਪੁਰਾਣਾਂ ਦੀਆਂ ਵੀ ਪ੍ਰਚਲਿਤ ਹਨ, ਜਿਨ੍ਹਾਂ ਨੂੰ ਵੱਖਰਾ ਕਥਾ ਸਮੂਹ ਆਖਿਆ ਜਾ ਸਕਦਾ ਹੈ। ਇਹਨਾਂ ਵਿਚ ਦੇਵੀ ਦੇਵਤਿਆਂ ਦੇ ਬਿਰਤਾਂਤ ਅਤੇ ਕਰਤੱਵਾਂ ਦੀ ਵਿਆਖਿਆ ਮਿਲਦੀ ਹੈ। ਇਨ੍ਹਾਂ ਕਥਾਵਾਂ ਦਾ ਸੰਬੰਧ ਦੇਵ ਉਪਾਸ਼ਨਾ ਨਾਲ ਹੈ।

7. ਪੰਜਾਬੀ ਮਿਥਿਕ-ਕਥਾਵਾਂ ਦਾ ਇਕ ਮਹੱਤਵਪੂਰਨ ਕਥਾ ਸਮੂਹ ਅਦਭੁਤ ਵਰਤਾਰਿਆ ਜਿਵੇਂ ਚੁੜੇਲਾਂ, ਜਿੰਨ੍ਹਾਂ, ਭੂਤਾਂ ਬਾਰੇ ਮਨੁੱਖੀ ਲਾਲਸਾਵਾਂ, ਪਰੀਆਂ ਅਤੇ ਇਤਿਹਾਸਕ ਬਿਰਤਾਤਾਂ ਬਾਰੇ ਹੈ। ਇਹ ਕਥਾਵਾਂ ਸਾਰ ਪੱਧਰ 'ਤੇ ਇਕਹਿਰਾ ਬਿਰਤਾਂਤ ਨਹੀਂ ਸਿਰਜਦੀਆਂ, ਹਰ ਕਥਾ ਦੀ ਆਪਣੀ ਵਸਤੂ 'ਤੇ ਆਧਾਰਤ ਵਿਲੱਖਣਤਾ ਹੁੰਦੀ ਹੈ। ਇਹਨਾਂ ਵਿਚ ਸਥਾਨਕ ਰੰਗਣ ਵਧੇਰੇ ਹੁੰਦਾ ਹੈ। ਇਹ ਕਥਾਵਾਂ ਮਨੁੱਖੀ ਮਨ ਅੰਦਰ ਡਰ ਅਤੇ ਸਹਿਮ ਨੂੰ ਅਭਿਵਿਅਕਤ ਕਰਦੀਆਂ ਹਨ।

ਪਾਠ ਨੰ. 1.5 ਲੇਖਕ : ਡਾ. ਭੁਪਿੰਦਰ ਸਿੰਘ ਖਹਿਰਾ

# ਅਖੌਤਾਂ ਅਤੇ ਬੁਝਾਰਤਾਂ

**ਪਾਠ ਦਾ ਮੰਤਵ**

ਅਖੌਤਾਂ ਅਤੇ ਬੁਝਾਰਤਾਂ ਲੋਕਧਾਰਾ ਦੀਆਂ ਮਹੱਤਵਪੂਰਨ ਵੰਨਗੀਆਂ ਹਨ। ਇਹਨਾਂ ਨੂੰ ਲੋਕ-ਪ੍ਰਮਾਣ ਵੀ ਆਖਿਆ ਜਾਂਦਾ ਹੈ। ਇਹਨਾਂ ਦੀ ਬਣਤਰ ਵਿਸ਼ੇਸ਼ ਹੁੰਦੀ ਹੈ ਅਤੇ ਇਹਨਾਂ ਦਾ ਸੰਕੇਤ ਵੀ ਗੁਪਤ ਹੁੰਦਾ ਹੈ। ਇਸ ਪਾਠ ਦਾ ਮੰਤਵ ਇਸ ਵੰਨਗੀ ਦੀ ਵਿਸ਼ੇਸ਼ ਜਾਣਕਾਰੀ ਦੇਣਾ ਹੈ। ਇਸ ਦਾ ਅੱਗੇ ਵਰਗੀਕਰਨ ਵੀ ਇਸ ਪਾਠ ਦੇ ਮੰਤਵ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸ ਤਰ੍ਹਾਂ ਬੁਝਾਰਤ ਦੀ ਬਣਤਰ ਅਤੇ ਵੰਨਗੀ ਬਾਰੇ ਚਰਚਾ ਕਰਨਾ ਵੀ ਇਸ ਪਾਠ ਦੇ ਮੰਤਵ ਵਿਚ ਸ਼ਾਮਲ ਹੈ।

**ਪਾਠ ਦੀ ਰੂਪ ਰੇਖਾ**

ਪਾਠ ਦੇ ਆਰੰਭ ਵਿਚ ਅਖੌਤਾਂ ਦੀ ਵਿਸ਼ੇਸ਼ ਬਣਤਰ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਬੁਝਾਰਤ ਸੰਕਲਪ 'ਤੇ ਆਧਾਰਤ ਹੁੰਦੀ ਹੈ। ਇਸ ਲਈ ਸੰਕੇਤ ਦੇ ਆਧਾਰ 'ਤੇ ਵੱਖ ਵੱਖ ਵੰਨਗੀ ਦੀਆਂ ਬੁਝਾਰਤਾਂ ਦਾ ਉਲੇਖ ਕੀਤਾ ਗਿਆ ਹੈ। ਅੰਤ ਵਿਚ ਟੋਟਕੇ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ।

**ਮੂਲ ਪਾਠ**

ਲੋਕ-ਕਾਵਿ ਦੀ ਇਕ ਹੋਰ ਪ੍ਰਮੁੱਖ ਵੰਨਗੀ ਲੋਕ-ਪ੍ਰਮਾਣ ਹੈ। ਲੋਕ-ਪ੍ਰਮਾਣਾਂ ਵਿਚ ਪ੍ਰਮੁੱਖ ਤੌਰ 'ਤੇ ਮੁਹਾਵਰੇ, ਅਖੌਤਾਂ 'ਤੇ ਬੁਝਾਰਤਾਂ ਅਤੇ ਸਿਆਣਪ ਦੇ ਟੋਟੇ ਆ ਜਾਂਦੇ ਹਨ। ਇਨ੍ਹਾਂ ਪ੍ਰਮਾਣਾਂ ਵਿਚ ਸਮੂਹਕ ਅਨੁਭਵ ਹੁੰਦਾ ਹੈ। ਇਹ ਕਿਸੇ ਇਕੱਲੇ ਵਿਅਕਤੀ ਦੇ ਨਿਰਣੇ ਨੂੰ ਪੇਸ਼ ਨਹੀਂ ਕਰਦੇ। ਇਨ੍ਹਾਂ ਦੀ ਸੁਰ ਕਾਵਿਕ ਹੁੰਦੀ ਹੈ ਪਰ ਇਹ ਕਿਸੇ ਕਾਵਿ-ਵਿਧਾਨ ਦੀ ਪਾਲਣਾ ਨਹੀਂ ਕਰਦੇ। ਮੁਹਾਵਰੇ ਚੁਸਤ ਵਾਕਾਂ ਵਿਚ ਹੁੰਦੇ ਹਨ। ਅਖੌਤਾ, ਬੁਝਾਰਤਾਂ ਅਤੇ ਸਿਆਣਪ ਦੇ ਟੋਟੇ ਤੁਕ੍ਹਾਂਤ ਵਿਚ ਹੋ ਸਕਦੇ ਹਨ। ਲੋਕ-ਪ੍ਰਮਾਣ ਨੂੰ ਸਹੀ ਢੰਗ ਨਾਲ ਸਮਝਣ ਲਈ ਚਿੰਨ੍ਹਨ (Significance) ਦੇ ਦੋ ਪੱਧਰਾਂ ਨੂੰ ਜਾਣਨਾ ਬਹੁਤ ਜ਼ਰੂਰੀ ਹੈ। ਚਿੰਨ੍ਹ ਦੇ ਇਨ੍ਹਾਂ ਦੇ ਪੱਧਰਾਂ ਦਾ ਨਿਖੇੜ ਰੋਲਾਂ ਬਾਰਤ (Roland Barthes) ਨੇ ਕੀਤਾ ਹੈ। ਚਿੰਨ੍ਹ ਦਾ ਪਹਿਲਾ ਪੱਧਰ ਤਾਂ ਭਾਸ਼ਾਈ ਚਿੰਨ੍ਹ ਦੇ ਦੋ ਮਹੱਤਵਪੂਰਨ ਤੱਤਾਂ, ਚਿੰਨ੍ਹਕ (Signifier) ਅਤੇ ਚਿੰਨ੍ਹਤ (Signified) ਦੇ ਆਪਸੀ ਸਬੰਧਾਂ ਨਾਲ ਤੁਅਲੁੱਕ ਰਖਦਾ ਹੈ। ਚਿੰਨ੍ਹਨ ਦੇ ਪਹਿਲੇ ਪੱਧਰ 'ਤੇ ਸਾਧਾਰਨ ਅਰਥਾਂ ਦਾ ਬੋਧ ਇਸ ਆਪਸੀ ਰਿਸ਼ਤੇ 'ਤੇ ਆਧਾਰਤ ਹੁੰਦਾ ਹੈ। ਇਸ ਤਰ੍ਹਾਂ ਕਿੱਕਰ ਦਰੱਖ਼ਤ ਦਾ ਸੰਕਲਪ ਅਤੇ ਚਿੰਨ੍ਹ ਕਿੱਕਰ ਦਾ ਆਪਸੀ ਸੰਬੰਧ ਇਕ ਵਿਸ਼ੇਸ਼ ਪ੍ਰਕਾਰ ਦੇ ਰੁੱਖ ਦਾ ਬੋਧ ਕਰਾਉਂਦਾ ਹੈ, ਇਹ ਚਿੰਨ੍ਹਕ ਅਤੇ ਚਿਨ੍ਹਿਤ ਦੇ ਰਿਸ਼ਤੇ ਸਦਕਾ ਹੈ। ਇਸ ਸਾਧਾਰਨ ਬੋਧ ਨੂੰ ਚਿੰਨ੍ਹ ਦਾ ਪਹਿਲਾ ਪੱਧਰ ਕਿਹਾ ਜਾਂਦਾ ਹੈ। ਚਿੰਨ੍ਹਨ ਦਾ ਦੂਸਰਾ ਪੱਧਰ ਰਮਜ਼ ਅਤੇ ਮਿੱਥ ਦਾ ਨਿਖੇੜ ਕਰਦਾ ਹੈ। ਰਮਜ਼ ਲਈ ਪਹਿਲੇ ਪੱਧਰ ਦਾ ਚਿੰਨ੍ਹਿਕ ਦੂਸਰੇ ਪੱਧਰ ਦੇ ਮਿੱਥ ਲਈ ਪੂਰੇ ਚਿੰਨ੍ਹ ਦਾ ਕਾਰਜ ਕਰਦਾ ਹੈ ਅਤੇ ਪਹਿਲੇ ਪੱਧਰ ਦਾ ਚਿੰਨ੍ਹਕ ਦੂਸਰੇ ਪੱਧਰ ਦੇ ਮਿੱਥ ਲਈ ਪੂਰਨ ਚਿੰਨ੍ਹ ਦਾ ਕਾਰਜ ਕਰਦਾ ਹੈ। ਪਰ ਲੋਕ-ਪ੍ਰਮਾਣਾਂ ਵਿਚ ਰਮਜ਼ ਦੀ ਵਿਸ਼ੇਸ਼ ਮਹੱਤਤਾ ਹੈ। ਇਸ ਲਈ ਮੁਹਾਵਰਾ ਜਾਂ ਅਖੌਤਾਂ ਵਾਸਤਵਿਕ ਵਿਚ ਉਹੀ ਅਰਥਾਂ ਦਾ ਸੰਚਾਰ ਨਹੀਂ ਕਰ ਰਹੇ ਹੁੰਦੇ ਜਿਹੜੇ ਕਿ ਉਸ ਵਿਚ ਸ਼ਾਮਲ ਸ਼ਬਦਾਂ ਦੇ ਸਾਧਾਰਨ ਅਰਥ ਹਨ। ਇਹ ਕਿਸੇ ਛੁਪੀ ਹੋਈ ਰਮਜ਼ ਵੱਲ ਸੰਕੇਤ ਕਰ ਰਹੇ ਹੁੰਦੇ ਹਨ, ਜਿਸ ਨੂੰ ਅਰਥ, ਗੱਲਬਾਤ ਦਾ ਸੰਦਰਭ ਅਤੇ ਪ੍ਰਸਥਿਤੀ

ਹੀ ਪ੍ਰਵਾਨ ਕਰਦੀ ਹੈ। ਉਦਾਹਰਣ ਵਜੋਂ :

ਸਾਰੀ ਰਾਤ ਭੰਨੀ ਕੁੜੀ ਜੰਮ ਪਈ ਅੰਨ੍ਹੀ

ਇਥੇ ਰਾਤ ਅਤੇ ਅੰਨ੍ਹੀ ਦੇ ਵਾਸਤਵਿਕ ਅਰਥ ਨਹੀਂ ਹਨ। ਇਹ ਉਸ ਸਥਿਤੀ ਵੱਲ ਸੰਕੇਤ ਹੈ, ਜਿਥੇ ਮਿਹਨਤ ਦੇ ਬਾਵਜੂਦ ਫਲ ਦੀ ਯਥਾਯੋਗ ਪ੍ਰਾਪਤੀ ਸੰਭਵ ਨਾ ਹੋਵੇ ਇਸ ਲਈ ਲੋਕ-ਪ੍ਰਮਾਣਾਂ ਦਾ ਰੂਪ ਰੂੜ੍ਹੀਗਤ ਹੁੰਦੇ ਹੋਏ ਵੀ ਇਹਨਾਂ ਦੇ ਅਰਥਾਂ ਦਾ ਸੰਚਾਰ ਵਰਤਮਾਨ ਵੱਲ ਸੰਕੇਤ ਕਰਦਾ ਹੈ। ਇਨ੍ਹਾਂ ਲੋਕ-ਪ੍ਰਮਾਣਾਂ ਵਿਚ ਆਏ ਲਿੰਗ, ਵਚਨ ਪੰਜਾਬੀ ਦੇ ਸਾਧਾਰਨ ਵਾਕ ਦੇ ਨਿਯਮਾਂ ਤੋਂ ਮੁਕਤ ਹੁੰਦੇ ਹਨ। ਜਿਵੇਂ ਲਿੰਗ, ਵਚਨ ਕਰਤਾ ਦੇ ਅਨੁਸਾਰ ਬਦਲਦਾ ਹੈ। ਪਰ ਮੁਹਾਵਰੇ ਵਿਚ ਕੋਈ ਵੀ ਲਿੰਗ ਹੋਵੇ ਉਹ ਦੋਵੇਂ ਇਸਤਰੀ ਲਿੰਗ ਅਤੇ ਪੁਲਿੰਗ ਲਈ ਵਰਤਿਆ ਜਾ ਸਕਦਾ ਹੈ। ਇਸ ਲਈ ਇਹ ਸਾਧਾਰਨ ਵਿਆਕਰਨ ਦੇ ਨਿਯਮਾਂ ਤੋਂ ਮੁਕਤ ਹੁੰਦੇ ਹਨ।

**ਅਖੌਤਾਂ**

ਅਖੌਤਾਂ ਵੀ ਮੁਹਾਵਰੇ ਵਾਂਗ ਚਿੰਨ੍ਹਨ ਦੇ ਦੂਸਰੇ ਤੇ ਪੱਧਰ ਹੀ ਕਾਰਜ ਕਰਦੀਆਂ ਹਨ ਪਰ ਇਹ ਵਾਸਤਵਿਕ ਪ੍ਰਸਿਥਤੀ ਵੱਲ ਸੰਕੇਤ ਹੀ ਨਹੀਂ ਕਰਦਿਆਂ ਸਗੋਂ ਉਸ ਦੇ ਅਰਥ ਨੂੰ ਪ੍ਰਭਾਵਿਤ ਵੀ ਕਰਦੀਆਂ ਹਨ। ਡਾ. ਵਣਜਾਰਾ ਬੇਦੀ (1967) ਅਨੁਸਾਰ ਅਖੌਤਾਂ ਉਹ ਬੱਝਵੇਂ ਤੇ ਪ੍ਰਮਾਣਿਕ ਵਾਕ ਹਨ ਜਿਹੜੇ ਮਨੁੱਖੀ ਜੀਵਨ ਨਾਲ ਸੰਬੰਧਤ ਕਿਸੇ ਅਨੁਭਵ ਤੇ ਸਾਰ ਨੂੰ ਸੰਖੇਪ ਰੂਪ ਵਿਚ ਪ੍ਰਗਟਾਉਂਦੇ ਅਤੇ ਬੋਲਚਾਲ ਵਿਚ ਆਮ ਵਰਤਣ ਕਰਕੇ ਮੂੰਹੋਂ ਮੂੰਹ ਅਗਲੀ ਪੀੜ੍ਹੀ ਤੱਕ ਪਹੁੰਚਦੇ ਹਨ। ਇਸ ਲਈ ਡਾ. ਬੇਦੀ ਉਨ੍ਹਾਂ ਬੱਝਵੇਂ ਤੇ ਪ੍ਰਮਾਣਿਕ ਵਾਕਾਂ ਨੂੰ ਅਖੌਤਾਂ ਮੰਨਦਾ ਹੈ ਜਿਹੜੇ ਮਨੁੱਖੀ ਜੀਵਨ ਨਾਲ ਸੰਬੰਧਤ ਕਿਸੇ ਅਨੁਭਵ ਦੇ ਸਾਰੇ ਨੂੰ ਸੰਖੇਪ ਰੂਪ ਵਿਚ ਪ੍ਰਗਟਾਉਂਦੇ ਹਨ ਅਤੇ ਪਰੰਪਰਾ ਦਾ ਰੂਪ ਧਾਰਨ ਕਰ ਲੈਂਦੇ ਹਨ। ਇਸ ਲਈ ਕੋਈ ਸ਼ੱਕ ਨਹੀਂ ਕਿ ਅਖੌਤਾਂ ਦਾ ਸੱਚ ਕਿਸੇ ਸਮਾਜ ਦੀ ਸਮੇਂ ਦੀ ਸੋਚਣੀ ਨੂੰ ਹੀ ਪ੍ਰਤਿਬਿੰਬਤ ਕਰਦਾ ਹੈ ਤੇ ਉਹ ਸੱਚ ਲੋਕ-ਸਮੂਹ ਦਾ ਮਾਪਿਆ, ਤੋਲਿਆ, ਸੱਚ ਹੁੰਦਾ ਹੈ। ਸੱਚ ਹੀ ਕਿਹਾ ਗਿਆ ਹੈ ਕਿ :

ਜਿਹੇ ਸੰਦ ਤੇਹੇ ਤਰਖਾਣ
ਜੇਹੇ ਲੋਕ ਤੇਹੇ ਅਖਾਣ

ਅਖੌਤਾਂ ਵਿਚ ਪਰੰਪਰਾਗਤ ਤੇ ਪਰਖਿਆ ਹੋਇਆ ਸਮੂਹਕ ਅਨੁਭਵ, ਸਮਕਾਲੀ ਸੰਦਰਭ ਅਤੇ ਪ੍ਰਸਥਿਤੀ ਨੂੰ ਹੋਰ ਸਪੱਸ਼ਟ ਕਰਦਾ ਹੈ।

ਅਖੌਤਾਂ ਵਿਚ ਬੋਧ ਸੰਚਾਰ ਦੋ ਢੰਗ ਨਾਲ ਹੁੰਦਾ ਹੈ। ਪਹਿਲਾ ਢੰਗ ਤਾਂ ਤੁਲਨਾ ਅਤੇ ਵਿਰੋਧ (comparison and contrast) ਦੁਆਰਾ ਸੰਚਾਰ ਦਾ ਹੈ। ਅਖੌਤਾਂ ਵਿਚ ਦੋ ਵਿਰੋਧੀ ਜੁਟ ਇਕ ਦੂਸਰੇ ਦੇ ਵਿਪਰੀਤ ਖੜ੍ਹਦੇ ਹਨ ਤੇ ਇਨ੍ਹਾਂ ਬੌਧਿਕ ਦੀ ਤੁਲਨਾ ਕੀਤੀ ਗਈ ਹੁੰਦੀ ਹੈ, ਜਿਵੇਂ :

ਜਾਤ ਦੀ ਕੋਹੜ ਕਿਰਲੀ ਸਤੀਰਾਂ ਨੂੰ ਜੱਫ਼ੇ

ਦੂਸਰੇ ਢੰਗ ਰਾਹੀਂ ਇਕ ਭਾਵ ਦੀ ਦੂਸਰੇ ਨਾਲ ਪ੍ਰੋੜ੍ਹਤਾ ਕੀਤੀ ਗਈ ਹੁੰਦੀ ਹੈ। ਇਕ ਭਾਵ ਦੂਸਰੇ ਨੂੰ ਦਰਸਾਉਂਦਾ ਹੈ :

ਇਕ ਕਮਲੀ ਦੂਸਰੇ ਪੈ ਗਈ ਸਿਵਿਆ ਦੇ ਰਾਹ
ਜਾਂ
ਜਿਧਰ ਗਿਆ ਬਾਣੀਆਂ ਉੱਧਰ ਗਿਆ ਬਾਜ਼ਾਰ

**ਬੁਝਾਰਤਾਂ**

ਬੁਝਾਰਤਾਂ ਲੋਕਧਾਰਾ ਦਾ ਇਕ ਅਜਿਹਾ ਰੂਪ ਹੈ ਜਿਸ ਦਾ ਕਾਰਜ ਮੁਹਾਵਰੇ ਜਾਂ ਅਖੌਤ ਤੋਂ ਉਲਟ ਹੁੰਦਾ ਹੈ। ਅਖੌਤ ਜਾਂ ਮੁਹਾਵਰੇ ਵਿਚ ਵਿਸ਼ੇਸ਼ ਪ੍ਰਸਥਿਤੀ ਜਾਂ ਸੰਦਰਭ ਦੇ ਅਰਥਾਂ ਨੂੰ ਵਿਅਕਤ ਕੀਤਾ ਜਾਂਦਾ ਹੈ ਜਾਂ ਪ੍ਰਮਾਣ ਪੇਸ਼ ਕੀਤਾ ਜਾਂਦਾ ਹੈ ਪਰ ਬੁਝਾਰਤ ਵਿਚ ਵਿਸ਼ੇਸ਼ ਪ੍ਰਸਥਿਤੀ ਜਾਂ ਸੰਦਰਭ ਵਿਅਕਤ ਕਰਕੇ ਉਸ ਦਾ ਵਿਸ਼ੇਸ਼ ਕਾਰਨ ਜਾਨਣ ਲਈ ਕਿਹਾ ਗਿਆ ਹੁੰਦਾ ਹੈ। ਇਸ ਲਈ ਬੁਝਾਰਤ ਦੀ ਗਤੀ ਸੰਕਲਪ ਜਾਂ ਪ੍ਰਸਥਿਤੀ ਤੋਂ ਵਸਤੂ ਵੱਲ ਹੁੰਦੀ ਹੈ।

ਕਿਹਾ ਜਾ ਸਕਦਾ ਹੈ ਕਿ ਬੁਝਾਰਤ ਇਕ ਅਜਿਹਾ ਪ੍ਰਸ਼ਨ ਬੋਧਕ, ਸ਼ਬਦ-ਜੁਟ, ਵਾਕ ਜਾਂ ਤੁਕਾਂਤ ਹੈ ਜੋ ਸਿਆਣਪ

ਦਾ ਪ੍ਰਮਾਣ ਲੈਣ ਲਈ ਵਰਤਿਆ ਜਾਂਦਾ ਹੈ।

ਸਾਰੀਆਂ ਬੁਝਾਰਤਾਂ ਹੀ ਪ੍ਰਸ਼ਨ ਬੋਧਕ ਹੁੰਦੀਆਂ ਹਨ ਅਤੇ ਇਕ ਦਾ ਉੱਤਰ ਮੰਗਿਆ ਗਿਆ ਹੁੰਦਾ ਹੈ। ਵੈਸੇ ਤਾਂ ਬੁਝਾਰਤਾਂ ਦੀ ਵਰਗ ਵੰਡ ਕਰਨਾ ਕਠਿਨ ਹੈ, ਪਰ ਹੇਠ ਲਿਖੇ ਆਧਾਰਾਂ 'ਤੇ ਇਨ੍ਹਾਂ ਨੂੰ ਨਿਖੇੜਿਆ ਜਾ ਸਕਦਾ ਹੈ :

(1) **ਕਰਮ ਬੋਧਕ** : ਇਨ੍ਹਾਂ ਬੁਝਾਰਤਾਂ ਵਿਚ ਕਰਮ ਦਾ ਗਿਆਨ ਕਰਵਾਇਆ ਗਿਆ ਹੁੰਦਾ ਹੈ, ਇਸ ਗਿਆਨ ਦੇ ਸਹਾਰੇ ਵਾਸਤਵਿਕ ਵਸਤੂ ਤੱਕ ਪਹੁੰਚਣਾ ਹੁੰਦਾ ਹੈ, ਜਿਵੇਂ :

ਬਾਪੂ ਦੇ ਕੰਨ ਵਿਚ ਬੇਬੇ ਵੜ ਗਈ। (ਜਿੰਦਾ ਕੁੰਜੀ)

ਇਸ ਵਿਚ ਜਿੰਦੇ ਅਤੇ ਕੁੰਜੀ ਦੇ ਕਰਮ ਨੂੰ ਚਿਤਰਿਆ ਗਿਆ ਹੈ। ਇਸ ਕਰਮ ਦੇ ਸਹਾਰੇ ਵਾਸਤਵਿਕ ਵਸਤੂ ਦੀ ਤਲਾਸ਼ ਕੀਤੀ ਜਾਂਦੀ ਹੈ।

ਇਕ ਉਦਾਹਰਣ ਹੋਰ ਦਿੱਤੀ ਜਾ ਸਕਦੀ ਹੈ :

ਨੀ ਪਈ, ਹਾਂ ਲਟਕਦਾ<br>
ਆਹ ਕੀ ਆ ਗਿਆ ਖੜਕਦਾ

ਇਸ ਵਿਚ ਬੈਗਣ (ਲਟਕਦਾ), ਕਕੜੀ (ਪਈ) ਨੂੰ ਪ੍ਰਸ਼ਨ ਕਰਦਾ ਹੈ। ਉਧਰੋਂ ਖੜਕਦਾ ਪਾਣੀ ਆ ਰਿਹਾ ਹੁੰਦਾ ਹੈ। ਇਸ ਤਰ੍ਹਾਂ ਕਰਮ ਦੁਆਰਾ ਪਾਣੀ, ਕੱਕੜੀ ਅਤੇ ਬੈਗਣ ਤਿੰਨੇ ਹੀ ਬੁੱਝੇ ਜਾ ਸਕਦੇ ਹਨ। ਇਸੇ ਤਰ੍ਹਾਂ ਇਹ ਬੁਝਾਰਤ ਵੀ ਕਰਮ ਬੋਧ ਸੰਕੇਤ ਕਰਦੀ ਹੈ।

ਘੁਮਾਰਾਂ ਦੀ ਛੱਪੜੀ ਤਖਾਣੀ ਪਾਇਆ ਗਾਹ।<br>
ਉਤੋਂ ਸੁਣਾ ਰੋਲਿਆ ਹੇਠ ਵਗੇ ਦਰਿਆ।

ਇਹ ਬੁਝਾਰਤ ਚਾਟੀ, ਮਧਾਣੀ ਅਤੇ ਲੱਸੀ ਦੇ ਕਰਮ ਦਾ ਬੋਧ ਕਰਾਉਂਦੀ ਹੈ।

(2) **ਬਿੰਬ-ਬੋਧਕ** : ਬੁਝਾਰਤਾਂ ਦੀ ਇਸ ਵੰਨਗੀ ਵਿਚ ਸ਼ਬਦ-ਜੁਟਾਂ ਜਾਂ ਇਕ ਤੁਕਾਤ ਨਾਲ ਬਿੰਬ ਦੀ ਸਿਰਜਣਾ ਕੀਤੀ ਜਾਂਦੀ ਹੈ। ਇਸ ਬਿੰਬ ਦੇ ਸਹਾਰੇ ਵਸਤੂ ਤਲਾਸ਼ ਵੱਲ ਸੰਕੇਤ ਕੀਤਾ ਗਿਆ ਹੁੰਦਾ ਹੈ। ਜਿਵੇਂ

ਇਤਨਾ ਕੁ ਡੱਬਾ, ਚੱਕ ਨਾ ਹੋਵੇ।<br>
ਚਕਾਈਂ ਵੇ ਰੱਬਾ। (ਖੂਹ)

ਇਸ ਬੁਝਾਰਤ ਵਿਚ ਡੱਬੇ ਦੁਆਰਾ ਖੂਹੀ ਦਾ ਬਿੰਬ ਸਿਰਜਿਆ ਗਿਆ ਹੈ।

ਰੜੈ ਮਦਾਨ ਵਿਚ ਇਕ ਛੋਟਾ ਨੂੜਿਆਂ ਖੜ੍ਹਾ। (ਤੂੜੀ ਦਾ ਕੁੱਪ)

ਜਾਂ

ਬਾਤ ਪਾਵਾਂ ਬਤੋਲੀ ਪਾਵਾਂ<br>
ਬਾਤ ਪਾਵਾਂ ਚੰਗੀ<br>
ਚੂਹਾ ਵੜ ਗਿਆ ਖੁੱਡ ਵਿਚ ਪੂਛ ਰਹਿ ਗਈ ਨੰਗੀ। (ਪਤੀਲਾ ਕੜਛੀ)

(3) **ਸੰਕਲਪ-ਬੋਧਕ** : ਬੁਝਾਰਤਾਂ ਇਸ ਵੰਨਗੀ ਵਿਚ ਬੁੱਝੀ ਜਾਣ ਵਾਲੀ ਵਸਤੂ ਦੇ ਸੰਕਲਪ ਨੂੰ ਬਿਆਨ ਕੀਤਾ ਗਿਆ ਹੁੰਦਾ ਹੈ। ਉਸ ਸੰਕਲਪ ਦੇ ਬਿਆਨ ਦਾ ਸਹਾਰਾ ਲੈ ਕੇ ਵਸਤੂ ਦੇ ਚਿੰਨ੍ਹ ਦੀ ਤਲਾਸ਼ ਕਰਨੀ ਹੁੰਦੀ ਹੈ, ਜਿਵੇਂ :

ਐਧਰ ਕਾਠ ਓਧਰ ਕਾਠ<br>
ਵਿਚ ਬੈਠਾ ਜਗਨ ਨਾਥ (ਅਖਰੋਟ)

ਜਾਂ

ਡੱਬੀ ਮੇਰੀ ਬੱਕਰੀ ਡੱਬੀ ਉਹਦੀ ਛਾਂ<br>
ਚੱਲ ਮੇਰੀ ਬੱਕਰੀ ਕੱਲ੍ਹ ਵਾਲੀ ਥਾਂ। (ਮੰਜਾ)

ਜਾਂ

ਦੋ ਮਾਮੇ ਦੋ ਭਾਣਜੇ ਬਾਗ਼ ਨੂੰ ਜਾਂਦੇ ਨੇ

ਤਿੰਨ ਤੋੜੇ ਸੰਤਰੇ ਕੱਲਾ ਕੱਲਾ ਖਾਂਦੇ ਨੇ

ਇਸ ਬੁਝਾਰਤ ਵਿਚ ਸੰਕਲਪ ਦਾ ਬੋਧ ਕਰਵਾਇਆ ਗਿਆ ਹੈ। ਜੋ ਨਹੀਂ ਕਰ ਸਕਦਾ ਉਹ ਇਹੀ ਨਹੀਂ ਸਮਝ ਸਕਦਾ ਕਿ ਚਾਰ ਬੰਦੇ ਤਿੰਨੇ ਸੰਤਰੇ ਕਿਵੇਂ ਇਕ ਖਾ ਸਕਦੇ ਹਨ। ਇਥੇ ਇਕ ਬੰਦਾ ਦੋ ਵਾਰ ਗਿਣ ਹੁੰਦਾ ਹੈ। ਫ਼ਰਜ ਕਰੋ ਕ, ਖ ਦਾ ਮਾਮਾ ਹੈ ਅਤੇ ਖ, ਗ ਦਾ ਮਾਮਾ ਹੈ, ਮਾਮਾ ਵੀ ਹੈ ਤੇ ਭਾਣਜਾ ਵੀ, ਇਸ ਦੀ ਗਿਣਤੀ ਦੋ ਵਾਰੀ ਹੋ ਗਈ ਹੈ। ਵਾਸਤਵਿਕ ਵਿਚ ਬੰਦੇ ਤਿੰਨ ਹੀ ਹਨ।

(4) **ਪ੍ਰਸਥਿਤੀ-ਬੋਧਕ** : ਕਈ ਬੁਝਾਰਤਾਂ ਵਿਚ ਪ੍ਰਸਥਿਤੀ ਦਾ ਚਿਤਰਨ ਕੀਤਾ ਗਿਆ ਹੁੰਦਾ ਹੈ। ਇਸ ਪ੍ਰਸਥਿਤੀ ਦਾ ਸਹਾਰਾ ਲੈ ਕੇ ਇਸ ਦੀ ਮੂਲ ਵਸਤੂ ਨੂੰ ਬੁੱਝਣਾ ਹੁੰਦਾ ਹੈ, ਜਿਵੇਂ

ਹਰਾ ਦੁਪੱਟਾ ਲਾਲ ਕਿਨਾਰੀ ਢਹਿ ਜਾਣੇ ਨੇ ਇੱਟ ਕਿਉਂ ਮਾਰੀ।
ਮਿੱਡੀਆਂ ਨਾਸਾਂ ਥੋਥੜ ਮੂੰਹ ਮੈਂ ਕੀ ਜਾਣਾਂ ਬੈਠੀ ਤੂੰ।

ਇਥੇ ਪੂਰੀ ਪ੍ਰਸਥਿਤੀ ਦਾ ਚਿਤਰਨ ਕੀਤਾ ਗਿਆ ਹੈ ਕਿ ਇਹ ਅੰਬ 'ਤੇ ਤੋਤਾ ਬੈਠਾ ਅੰਬ ਖਾ ਰਿਹਾ ਹੈ। ਉਸ ਦਾ ਅੰਬ ਡਿਗ ਕੇ ਇਕ ਡੰਡੀ ਦੇ ਲਗਦਾ ਹੈ। ਡੱਡੀ ਉਪਰੋਕਤ ਕਥਨ ਉਚਾਰਦੀ ਹੈ ਕਿ ਹਰਾ ਦੁਪੱਟਾ ਲਾਲ ਕਿਨਾਰੀ, ਢਹਿ ਜਾਣੇ ਨੇ ਇੱਟ ਕਿਉਂ ਮਾਰੀ। ਇਸ ਪ੍ਰਸ਼ਨ ਦੇ ਉੱਤਰ ਵਿਚ ਤੋਤਾ ਬੋਲਦਾ ਹੈ 'ਮਿਡੀਆਂ ਨਾਸਾਂ ਥੋਥੜ ਮੂੰਹ ਮੈਂ ਕੀ ਜਾਣਾਂ ਬੈਠੀ ਤੂੰ।' ਇਸ ਤਰ੍ਹਾਂ ਦੋਹਾਂ ਦੇ ਸ਼ਬਦ ਨਾਲ ਪੂਰੀ ਪ੍ਰਸਥਿਤੀ ਦਾ ਚਿਤਰਣ ਮਿਲਦਾ ਹੈ ਜਿਹੜੀ ਤੋਤੇ ਅਤੇ ਡੰਡੀ ਦਾ ਸਬੋਧਨ ਕਰਾਉਂਦੀ ਹੈ।

(5) **ਬਿਰਤਾਂਤ-ਬੋਧਕ ਬੁਝਾਰਤਾਂ** : ਕਈ ਬੁਝਾਰਤਾਂ ਲੰਮੀਆਂ ਹੁੰਦੀਆਂ ਹਨ। ਉਨ੍ਹਾਂ ਦੇ ਪਿੱਛੇ ਕੋਈ ਪੂਰਨ ਕਥਾ ਜਾਂ ਬਿਰਤਾਂਤ ਛੁਪਿਆ ਹੁੰਦਾ ਹੈ ਜਿਵੇਂ :

ਇੰਦੜੀ ਜਿੰਦੜੀ ਹਾਰ ਦਿਵਾਇਆ, ਹੁਣ ਟਿੱਡਿਆ ਮਰ ਜਾਏਂਗਾ।

ਇਸ ਬੁਝਾਰਤ ਪਿੱਛੇ ਹਿਕ ਪੂਰਾ ਬਿਰਤਾਂਤ ਹੈ ਕਿ ਇਕ ਵਾਰ ਇਕ ਰਾਜੇ ਦੀ ਰਾਣੀ ਦਾ ਹਾਰ ਗੁੰਮ ਹੋ ਗਿਆ। ਇਕ ਜੋਤਸ਼ੀ ਨੇ ਹਾਰ ਲੱਭਣ ਦਾ ਯਤਨ ਕੀਤਾ। ਇਹ ਹਾਰ ਨੌਕਰਾਣੀ ਨੇ ਚੁਰਾਇਆ ਸੀ। ਇਨ੍ਹਾਂ ਨੌਕਰਾਣੀਆਂ ਦੇ ਨਾਂ ਇੰਦੜੀ ਤੇ ਜਿੰਦੜੀ ਸੀ। ਜੋਤਸ਼ੀ ਨੇ ਹਾਰ ਸਿਰਹਾਣੇ ਥੱਲੇ ਰੱਖ ਦਿੱਤਾ ਅਤੇ ਫਿਰ ਜੋਤਿਸ਼ ਲਾ ਕੇ ਰਾਜੇ ਨੂੰ ਦੱਸ ਦਿਤਾ ਕਿ ਹਾਰ ਸਿਰਹਾਣੇ ਹੇਠ ਪਿਆ ਹੈ। ਜੋਤਸ਼ੀ ਦੀ ਜੈ ਜੈ ਕਾਰ ਹੋ ਗਈ। ਇਸ ਜੋਤਸ਼ੀ ਦਾ ਨਾਂ ਟਿੱਡਾ ਸੀ। ਇਕ ਵਾਰੀ ਰਾਜਾ ਜੰਗਲ ਨੂੰ ਗਿਆ। ਆਪਣੀ ਮੁੱਠੀ ਵਿਚ ਕੋਈ ਚੀਜ਼ ਬੰਦ ਕਰ ਲਿਆਇਆ। ਟਿੱਡੇ ਜੋਤਸ਼ੀ ਨੂੰ ਪੁੱਛਣ ਲੱਗਿਆ ਦਸ ਮੇਰੀ ਮੁੱਠੀ ਵਿਚ ਕੀ ਹੈ ? ਨਹੀਂ ਤਾਂ ਤੈਨੂੰ ਮਾਰ ਦਿੱਤਾ ਜਾਵੇਗਾ। ਤਾਂ ਟਿੱਡਾ ਜੋਤਸ਼ੀ ਬੋਲਿਆ :

ਇੰਦੜੀ ਜਿੰਦੜੀ ਹਾਰ ਦਿਵਾਇਆ, ਹੁਣ ਟਿੱਡਿਆ ਮਰ ਜਾਏਂਗਾ।

ਰਾਜੇ ਦੀ ਮੁੱਠੀ ਵਿਚ ਟਿੱਡਾ ਸੀ। ਉਸ ਨੇ ਟਿੱਡਾ ਛੱਡ ਦਿੱਤਾ ਕਿ ਜੋਤਸ਼ੀ ਨੇ ਬੁੱਝ ਲਿਆ ਹੈ ਤੇ ਉਸ ਨੂੰ ਇਨਾਮ ਦਿੱਤਾ।

**ਸਿਆਣਪ ਦਾ ਟੋਟਾ**

ਲੋਕ-ਪ੍ਰਮਾਣਾਂ ਵਿਚੋਂ ਇਕ ਵੰਨਗੀ ਸਿਆਣਪ ਦੇ ਟੋਟੇ ਦੀ ਹੈ। ਇਹ ਮੁਹਾਵਰੇ, ਅਖੌਤਾਂ ਅਤੇ ਬੁਝਾਰਤਾਂ ਤੋਂ ਬਹੁਤ ਵੱਖਰੀ ਕਿਸਮ ਦੀ ਹੈ। ਪਹਿਲੀ ਗੱਲ ਇਹ ਅਰਥ ਸੰਚਾਰ ਦਾ ਚਿੰਨ੍ਹਨ ਦੇ ਪਹਿਲੇ ਪੱਧਰ 'ਤੇ ਕਰਦਾ ਹੈ। ਇਸ ਵਿਚ ਪੇਸ਼ ਹੋਏ ਚਿੰਨ੍ਹ ਆਪਣੇ ਵਾਸਤਵਿਕ ਅਰਥਾਂ ਦਾ ਹੀ ਸੰਚਾਰ ਕਰਦੇ ਹਨ। ਇਹ ਕਿਸੇ ਗੁੱਝੀ ਸਥਿਤੀ ਜਾਂ ਸੰਕਲਪ ਜਾਂ ਸਥਿਤੀ ਵੱਲ ਸੰਕੇਤ ਕਰਦਾ ਹੈ। ਇਸ ਦਾ ਸੰਦਰਭ ਸੀਮਤ ਹੁੰਦਾ ਹੈ। ਇਸ ਸਿਰਫ ਉਸ ਪ੍ਰਸਥਿਤੀ ਲਈ ਵਰਤਿਆ ਜਾ ਸਕਦਾ ਹੈ, ਜਿਸ ਲਈ ਇਹ ਘੜਿਆ ਗਿਆ ਹੁੰਦਾ ਹੈ।

ਸਿਆਣਪ ਦਾ ਟੋਟਾ ਸਰਵ-ਪ੍ਰਵਾਨਿਆ ਸੱਚ ਹੁੰਦਾ ਹੈ। ਸਿਆਣਪ ਦੇ ਟੋਟੇ ਦਿਨਾਂ ਦੀ ਅਹਿਮੀਅਤ ਬਾਰੇ, ਜਾਤਾਂ ਬਾਰੇ, ਵਰਤਾਰਿਆਂ ਬਾਰੇ, ਕੰਮ ਧੰਦੇ ਦੇ ਢੰਗਾਂ ਬਾਰੇ ਅਨੇਕ ਵੰਨਗੀ ਵਿਚ ਮਿਲਦੇ ਹਨ। ਪੰਜਾਬੀ ਵਿਚ ਇਨ੍ਹਾ ਟੋਟਿਆਂ ਦੀ ਕੋਈ ਘਾਟ ਨਹੀਂ।

**ਜਾਤਾ ਬਾਰੇ**

ਰੱਜਿਆਂ ਮਹਿਆ ਦਾ ਚਲਦਾ ਹੱਲ
ਰੱਜਿਆ ਜੱਟ ਮਚਾਵੇ ਕੱਲ੍ਹ
ਰੱਜੀ ਮਹਿੰ ਨਾ ਖਾਵੇ ਖਲ
ਰੱਜਿਆ ਬ੍ਰਾਹਮਣ ਪੈਦਾ ਗਲ਼
ਰੱਜਿਆ ਖੱਤਰੀ ਜਾਵੇ ਟਲ਼

ਜਾਂ

ਖੱਪੇ ਤੱਤੇ ਰਾਰਿਉਂ ਪੱਤ ਰੱਖੇ ਕਰਤਾਰ
ਸੂਈ ਹੋ ਕੇ ਸੰਜਰੇ, ਬਣ ਜਾਵੇ ਤਲਵਾਰ

ਜਾਂ

ਆਸਾ, ਪਾਸਾ, ਵੇਸਵਾ, ਠੱਗ, ਠੱਕਰ, ਹਾਲ
ਨੌਵੇਂ ਮਿੱਤ ਨਾ ਹੋਂਵਦੇ ਬਾਂਦਰ, ਵੈਦ, ਕਲਾਲ।

**ਔਰਤਾਂ ਬਾਰੇ**

ਕੁੰਢਰ ਰੰਨ ਦੀ ਭੈੜੀ ਚਾਲ, ਚੁੱਲੇ ਉਤੇ ਰੋਵਸ ਬਾਲ
ਆਟਾ ਗੁੰਨਦਿਆਂ ਖੁਰਕੇ ਵਾਲ, ਨੱਕ ਪੂੰਝਦੀ ਮੋਢੇ ਨਾਲ
ਪੁੱਠੀ ਰੰਨ ਦੇ ਪੁੱਠੇ ਚਾਲੇ, ਆਪ ਵੀ ਰੁੜੇ ਤੇ ਝੁੱਗਾ ਗਾਲੇ।

**ਖੇਤੀ ਬਾਰੇ**

ਹਰ ਹੱਥ ਵਣਜ ਸੁਨੇਹੀ ਖੇਤੀ, ਬਿਨ ਦੇਖੇ ਵਰ ਦੇਵੇ ਬੇਟੀ
ਅਨਾਜ ਪੁਰਾਣਾ ਦੇਵੇ ਖੇਤੀ, ਕਦੇ ਨਾ ਹੁੰਦੇ ਬੱਤੀ ਤੋਂ ਤੇਤੀ।

ਜਾਂ

ਤਿੱਤਰ ਖੰਭੀ ਬੱਦਲੀ, ਰੰਨ੍ਹ ਮਲਾਈ ਖਾਇ
ਉਹ ਵਰਸੇ ਉਹ ਉਧਲੇ ਕਦੇ ਨਾ ਆਹਲੀ ਜਾਏ।

ਇਹ ਸਿਆਣਪ ਦੇ ਟੋਟੇ ਹਰ ਵਰਤਾਰੇ ਬਾਰੇ ਉਪਲੱਭਦ ਹਨ। ਇਨ੍ਹਾਂ ਵਿਚ ਅਰਥ ਪਰੰਪਰਾਗਤ ਹਨ। ਪ੍ਰਸਥਿਤੀਆਂ ਤੇ ਸੰਦਰਭ ਸਥਿਰ ਹਨ। ਇਨ੍ਹਾਂ ਨੂੰ ਨਵੇਂ ਸੰਦਰਭ ਵਿਚ ਨਹੀਂ ਵਰਤਿਆ ਜਾ ਸਕਦਾ। ਸਿਆਣਪ ਦਾ ਟੋਟਾ ਤਰਕ ਪ੍ਰਧਾਨ ਤਾਂ ਹੁੰਦਾ ਹੈ ਪਰੰਤੂ ਇਹ ਜ਼ਰੂਰੀ ਨਹੀਂ ਕਿ ਇਸ ਦਾ ਗਿਆਨ ਵਿਗਿਆਨ ਹੋਵੇ। ਸਿਆਣਪ ਦਾ ਟੋਟਾ ਤਾਂ ਸਮੂਹ ਦੇ ਅਨੁਭਵ ਦੁਆਰਾ ਘੜਿਆ ਜਾਂਦਾ ਹੈ। ਇਹ ਸਰਵ ਪ੍ਰਵਾਨ ਹੁੰਦਾ ਹੈ। ਇਸ ਦੇ ਰੂਪ ਨੂੰ ਵਿਅਕਤੀ ਘੜ ਸਕਦਾ ਹੈ। ਪਰ ਬਹੁਤੇ ਸਿਆਣਪ ਦੇ ਟੋਟੇ ਵੀ ਪਰੰਪਰਾ ਦਾ ਰੂਪ ਹੁੰਦੇ ਹਨ।

ਇਸ ਲਈ ਕਿਹਾ ਜਾ ਸਕਦਾ ਹੈ ਕਿ ਸਿਆਣਪ ਦਾ ਟੋਟਾ ਨਿਸ਼ਚਿਤ ਸੰਦਰਭ ਲਈ ਪ੍ਰਮਾਣ ਵਜੋਂ ਵਰਤਿਆਂ ਜਾਣ ਵਾਲਾ ਇਕ ਤੁਕਾਂਤ ਹੁੰਦਾ ਹੈ। ਇਸ ਵਿਚ ਅਖੌਤਾਂ ਤੇ ਮੁਹਾਵਰੇ ਜਿੰਨੀ ਚੁਸਤੀ ਨਹੀਂ ਹੁੰਦੀ। ਇਸ ਦਾ ਚਿੰਨ੍ਹਨ ਪਹਿਲੀ ਪੱਧਰ ਦਾ ਹੁੰਦਾ ਹੈ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਲੋਕ-ਪ੍ਰਮਾਣ, ਉਪਭਾਖਾ ਤੋਂ ਉਨੇ ਪ੍ਰਭਾਵਤ ਨਹੀਂ ਹੁੰਦੇ ਜਿੰਨੇ ਕਿ ਲੋਕਧਾਰਾ ਦੇ ਹੋਰ ਰੂਪਾਂ ਤੋਂ ਪ੍ਰਭਾਵਿਤ ਹੁੰਦੇ ਹਨ। ਕਈ ਵਾਰ ਉਪਭਾਸ਼ਾ ਅਤੇ ਟਕਸਾਲੀ ਭਾਸ਼ਾ ਵਿਚ ਲੋਕ-ਪ੍ਰਮਾਣਾਂ ਦੇ ਸਮਾਨ ਰੂਪ ਹੀ ਮਿਲਦੇ ਹਨ। ਲੋਕ-ਪ੍ਰਮਾਣ ਵਿਆਕਰਣ ਦੇ ਨਿਯਮਾਂ ਦੀ ਠੋਸ ਢੰਗ ਨਾਲ ਪਾਲਣਾ ਨਹੀਂ ਕਰਦੇ। ਇਹ ਭਾਵ-ਪ੍ਰਧਾਨ ਨਹੀਂ ਸਗੋਂ ਤਰਕ-ਪ੍ਰਧਾਨ ਹੁੰਦੇ ਹਨ। ਇਸ ਲਈ ਇਨ੍ਹਾਂ ਨੂੰ ਇਕ ਭਾਸ਼ਾ ਤੋਂ ਦੂਸਰੀ ਵਿਚ ਉਲਟਾ ਕਰ ਸਕਣਾ ਸੰਭਵ ਹੈ। ਮੁਹਾਵਰਾ, ਅਖੌਤਾਂ ਅਤੇ ਬੁਝਾਰਤ ਵਿਚ ਚਿੰਨ੍ਹਨ ਅਤੇ ਸਰਬ ਸੰਚਾਰ ਦੂਸਰੇ ਪੱਧਰ ਦਾ ਹੁੰਦਾ ਹੈ। ਮੁਹਾਵਰੇ ਵਿਚ ਵਿਅਕਤੀ ਚਿੰਨ੍ਹ ਆਪਣੇ ਰੂੜ੍ਹੀਗਤ ਅਰਥਾਂ ਦਾ ਸੰਚਾਰ ਨਹੀਂ ਕਰਕੇ ਸਗੋਂ ਨਵੇਂ ਅਰਥਾਂ ਦੀ ਸਿਰਜਣਾ ਕਰਦੇ ਹਨ। ਜੋ ਕਿ ਨਵੀਂ ਪ੍ਰਸਥਿਤੀ ਜਾਂ ਸੰਦਰਭ ਪ੍ਰੇਰਿਤ ਹੁੰਦੇ ਹਨ। ਸਿਆਣਪ ਦਾ ਟੋਟਾ ਵਾਸਤਵਿਕ ਵਿਚ ਉਸੇ ਪ੍ਰਸਥਿਤੀ ਜਾਂ ਸੰਕਲਪ ਦੀ ਪ੍ਰੋੜ੍ਹਤਾ ਕਰਦਾ ਹੈ, ਜਿਸ ਲਈ ਇਹ ਸਿਰਜਿਆ ਗਿਆ ਹੁੰਦਾ ਹੈ। ਇਸ ਦਾ ਚਿੰਨ੍ਹਨ ਪਹਿਲੇ ਪੱਧਰ ਦਾ ਹੁੰਦਾ ਹੈ। ਇਸ ਵਿਚ ਚਿੰਨ੍ਹਾਂ ਅਤੇ ਪ੍ਰਸਥਿਤੀ ਦਾ ਸੰਬੰਧ ਸਥਿਰ ਹੁੰਦਾ ਹੈ।

ਪਾਠ ਨੰ. 1.6 ਲੇਖਕ : ਡਾ. ਗੁਰਮੁੱਖ ਸਿੰਘ

## ਲੋਕਧਾਰਾ ਅਤੇ ਮੀਡੀਆ

ਜਿਸ ਯੁੱਗ ਵਿੱਚ ਅਸੀਂ ਰਹਿ ਰਹੇ ਹਾਂ ਇਹ ਪੂੰਜੀਵਾਦੀ ਮੀਡੀਏ ਦਾ ਯੁੱਗ ਹੈ ਇਸ ਦਾ ਉਦੇਸ਼ ਕਿਸੇ ਸਾਰਥਕ ਮਾਨਵੀ ਸਰਗਰਮੀ ਦੀ ਥਾਂ ਵਪਾਰ ਅਤੇ ਮੁਨਾਫਾ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ ਇਹ ਇੱਕ ਤੋਂ ਵਧੇਰੇ ਜੁਗਤਾਂ ਵਰਤਦਾ ਹੈ। ਪਹਿਲੀ ਜੁਗਤ ਅਧੀਨ ਇਹ ਦਰਸ਼ਕ/ਸਰੋਤੇ ਦੀ ਭਾਲ ਕਰਦਾ ਹੈ ਅਤੇ ਫਿਰ ਲੋਕ-ਮਨ ਦੀਆਂ ਇਛਾਵਾਂ, ਰੀਝਾਂ ਅਤੇ ਉਮੰਗਾਂ ਅਨੁਸਾਰੀ ਸਿਰਜੇ ਦ੍ਰਿਸ਼ਾਂ ਅਤੇ ਘਟਨਾਵਾਂ ਦੇ ਮਾਇਆ ਜਾਲ ਰਾਹੀਂ ਉਸਦੇ ਧੁਰ ਅੰਦਰ ਤੱਕ ਰਸਾਈ ਬਣਾਉਣਾ ਹੈ। ਮੀਡੀਆ ਲੋਕ-ਮਨ ਨੂੰ ਆਪਣੇ ਨਾਲ ਇਸ ਕਦਰ ਜੋੜ ਲੈਂਦਾ ਹੈ ਕਿ ਉਸ ਤੋਂ ਬਿਨਾਂ ਲੋਕ-ਮਨ ਨੂੰ ਆਪਣਾ ਅਸਤਿਤਵ ਹੀ ਅਧੂਰਾ ਨਜਰ ਆਉਣ ਲੱਗਦਾ ਹੈ। ਇਸ ਸਥਿਤੀ ਵਿੱਚ ਉਹ ਲੋਕ ਮਨ ਨੂੰ ਉਸ ਦੀ ਹੋਂਦ ਬਾਬਤ ਦਿਸ਼ਾ ਨਿਰਦੇਸ਼ ਦੇਣ ਲਗਦਾ ਹੈ ਤੇ ਉਸ ਦੇ ਚਰਿੱਤਰ ਦੀ ਉਸਾਰੀ ਦਾ ਸਭ ਤੋਂ ਪ੍ਰਭਾਵਸ਼ਾਲੀ ਨਿਰਧਾਰਕ ਬਣ ਬੈਠਦਾ ਹੈ।

ਮੰਡੀ-ਵਾਦ ਨੇ ਪੰਜਾਬੀ ਗੀਤ ਸੰਗੀਤ ਨੂੰ ਮੁਨਾਫਾ ਦੇਣ ਵਾਲੇ ਉਦਯੋਗ ਦੇ ਰੂਪ ਵਿੱਚ ਵਿਕਸਤ ਕਰ ਲਿਆ ਹੈ। ਗੀਤ-ਸੰਗੀਤ ਦੇ ਇਸ ਵਪਾਰ ਨੂੰ ਵੱਧ ਮੁਨਾਫਾਯੋਗ ਬਣਾਉਣ ਲਈ ਗੀਤਾਂ ਨੂੰ ਫਿਲਮਾਇਆ ਜਾਂਦਾ ਹੈ। ਗੀਤ ਵੀਡੀਓ ਕਿਸੇ ਗਾਣੇ ਵਿਸ਼ੇਸ਼ ਨੂੰ ਵਿਭਿੰਨ ਚੈਨਲਾਂ ਤੇ ਦਿਖਾ ਕੇ ਉਸ ਨਾਲ ਸਬੰਧਤ ਸੀ.ਡੀ. ਤੇ ਗਾਇਕ ਨੂੰ ਵੱਧ ਮਸ਼ਹੂਰ ਕਰਨ ਤੇ ਵੱਧ ਵਿਕਣਯੋਗ ਬਣਾਉਣ ਦੇ ਉਦੇਸ਼ ਹਿੱਤ ਗਤੀਸ਼ੀਲ ਹੁੰਦੇ ਹਨ। ਪੰਜਾਬੀ ਗੀਤ ਸੰਗੀਤ ਉਦਯੋਗ ਨੇ ਲੋਕ-ਮਨ ਦੀਆਂ ਵਿਭਿੰਨ ਮੁਢਲੀਆ ਚਾਹਤਾਂ/ਲੋੜਾਂ ਨੂੰ ਵਿਕਸਿਤ ਤਕਨਾਲੋਜੀ ਨਾਲ ਵਰਤ ਕੇ ਲੋਕ-ਮਨ ਦੇ ਅਵਚੇਤਨ ਤੱਕ ਆਪਣੀ ਪਹੁੰਚ ਬਣਾਈ ਹੈ। ਜੋ ਪਹਿਲਾਂ ਹੀ ਲੋਕ-ਮਨ ਵਿੱਚ ਵਸਿਆ ਹੈ ਅਤੇ ਜੋ ਪਹਿਲਾਂ ਹੀ ਲੋਕ-ਮਨ ਨੂੰ ਆਨੰਦ ਦਿੰਦਾ ਹੈ ਉਸੇ ਨੂੰ ਗੀਤ-ਵੀਡੀਓ ਵਿਸ਼ੇਸ਼ ਨੁਕਤਾ-ਨਜ਼ਰ ਦੇ ਬਦਲਵੇ ਬੋਲਾਂ ਰਾਹੀਂ ਪੇਸ਼ ਕਰਦੇ ਹਨ। ਪਹਿਲਾਂ ਸਥਾਪਿਤ ਨੂੰ ਹੀ ਮੁੜ-ਮੁੜ ਸਥਾਪਿਤ ਕਰਨ ਦੀ ਪ੍ਰਕਿਰਿਆ ਅਧੀਨ ਬਹੁਤ ਕੁਝ ਉਹ ਵੀ ਚਲਾ ਦਿੱਤਾ ਜਾਂਦਾ ਹੈ ਜਿਸ ਦਾ ਹੋਣਾ ਮੰਡੀ ਦੇ ਹਿੱਤਾਂ ਨਹੀਂ ਜਰੂਰੀ ਹੁੰਦਾ ਹੈ। ਗੀਤ-ਸੰਗੀਤ ਦੁਆਰਾ ਲੋਕ-ਮਨ ਨੂੰ ਆਪਣੇ ਕਾਬੂ ਵਿੱਚ ਕਰਨ ਦਾ ਅਮਲ ਪਿਛਲੇ ਲੰਬੇ ਸਮੇਂ ਤੋਂ ਸਾਰੇ ਵਿਸ਼ਵ ਵਿੱਚ ਜਾਰੀ ਹੈ ਤੇ ਹੁਣ ਪੰਜਾਬੀ ਲੋਕ-ਮਨ ਵੀ ਇਸ ਤੋਂ ਅਛੂਤਾ ਨਹੀਂ ਰਿਹਾ। ਸੱਚੀ ਗੱਲ ਤਾਂ ਇਹ ਹੈ ਕਿ ਪੰਜਾਬੀ ਲੋਕ-ਮਨ ਆਪਣੀ ਵਿਸ਼ੇਸ਼ ਤਰ੍ਹਾਂ ਦੀ ਮਾਨਸਿਕਤਾ ਕਾਰਨ ਇਸ ਉਦਯੋਗ ਦੀ ਪਕੜ ਵਿੱਚ ਬਹੁਤ ਛੇਤੀ ਆ ਗਿਆ ਹੈ। ਇਸ ਸਥਿਤੀ ਵਿਚ ਪੰਜਾਬੀ ਲੋਕ-ਮਨ ਦਾ ਬਹੁਤਾਂ ਕੁਝ ਬਦਲ ਦਿੱਤਾ ਹੈ ਤੇ ਹੋਰ ਬਹੁੱਤ ਕੁੱਝ ਬਦਲਿਆ ਜਾ ਰਿਹਾ ਹੈ।

ਇਤਿਹਾਸਕ ਤੌਰ ਤੇ ਪੰਜਾਬੀ ਲੋਕ-ਮਨ ਆਪਣੇ ਆਪ ਨੂੰ ਬਹਾਦਰੀ ਅਤੇ ਸੂਰਬੀਰਤਾ ਨਾਲ ਜੋੜ ਕੇ ਦੇਖਦਾ ਰਿਹਾ ਹੈ, ਪੰਜਾਬੀ ਲੋਕ-ਮਨ ਦੀ ਇਸ ਚਾਹਤ ਨੂੰ ਪੰਜਾਬੀ ਗੀਤ-ਸੰਗੀਤ ਉਦਯੋਗ ਨੇ ਮੰਡੀ ਦੀ ਤਰਕ ਵਿੱਚ ਢਾਲ ਕੇ ਵਿਭਿੰਨ ਗੀਤ ਫਿਲਮਾਂਕਣ ਦੇ ਆਰ-ਪਾਰ ਫੈਲਾਇਆ ਹੈ। ਇਸ ਕਰਕੇ ਉਹਨਾਂ ਨਾ ਕੇਵਲ ਪੰਜਾਬੀ ਹਉਮੈ ਨੂੰ ਸੰਤੁਸ਼ਟ ਕੀਤਾ ਸਗੋਂ ਸੰਤੁਸ਼ਟਤਾ ਦੇ ਇਸ ਭਰਮ ਅਧੀਨ ਆਪਣਾ ਮੁਨਾਫਾ ਵੀ ਕਮਾਇਆ ਹੈ। ਪੰਜਾਬੀ ਗੀਤ-ਫਿਲਮਾਂਕਣ ਵਿੱਚ ਇਸ ਜੁਗਤ ਨੂੰ ਇਸ ਤਰ੍ਹਾਂ ਤੇ ਏਨੀ ਜ਼ਿਆਦਾ ਵਾਰ ਵਰਤਿਆ ਹੈ ਕਿ ਪੰਜਾਬੀ ਲੋਕ ਮਨ ਅੰਦਰੋਂ ਉਸਦੀ ਇਤਿਹਾਸਕ ਸੂਰਬੀਰਤਾ ਦੇ ਅਸਲ ਸਰੋਕਾਰਾਂ ਦੀ ਯਾਦ ਹੀ ਖਤਮ ਕਰ ਦਿੱਤੀ ਗਈ ਹੈ। ਪੰਜਾਬੀ ਲੋਕ-ਮਨ ਨੂੰ ਇਹ ਭੁਲਾ ਹੀ ਦਿੱਤਾ ਹੈ ਕਿ ਉਸ ਨੇ ਹਥਿਆਰਾ ਦੀ ਵਰਤੋਂ ਲੋੜ ਅਤੇ ਮਜਬੂਰੀ ਹੇਠ ਕੀਤੀ ਸੀ, ਨਾ ਕਿ ਮਜਲੂਮਾਂ 'ਤੇ

ਰੋਅਬ ਪਾਉਣ ਜਾਂ ਦੂਜਿਆ ਨੂੰ ਡਰਾਉਣ ਧਮਕਾਉਣ ਲਈ। ਵਪਾਰੀਆਂ ਨੂੰ ਪਤਾ ਹੈ ਕਿ ਹਥਿਆਰਾਂ ਦੀ ਪ੍ਰਦਰਸ਼ਨੀ ਪੰਜਾਬੀ ਲੋਕ-ਮਨਾਂ ਨੂੰ ਵੇਚੀ ਜਾ ਸਕਦੀ ਹੈ ਤੇ ਉਹ ਵੇਚਦੇ ਚਲੇ ਜਾਂਦੇ ਹਨ ਤੇ ਪੰਜਾਬੀ ਮਨ ਆਪਣੀਆਂ ਜੜ੍ਹਾਂ ਤੋਂ ਟੁੱਟਦਾ ਹਿੰਸਕ ਤੇ ਧੱਕੜ ਬਣਦਾ ਜਾਂਦਾ ਹੈ। ਮਿਸਾਲ ਦੇ ਤੌਰ ਤੇ ਇਸ ਪ੍ਰਸੰਗ ਵਿੱਚ ਪੰਮੀ ਬਾਈ ਦੇ ਗੀਤ 'ਦਾਰੂ ਘਰ ਦੀ ਬੰਦੂਕ ਬਾਰਾ ਬੋਰ ਦੀ ਦੋ ਚੀਜ਼ਾਂ ਜੱਟ ਮੰਗਦਾ' ਦੇ ਬੋਲ ਅਤੇ ਇਸ ਦਾ ਫਿਲਮਾਂਕਣ ਧਿਆਨ ਦੀ ਮੰਗ ਕਰਦਾ ਹੈ। ਗੀਤ ਸੰਗੀਤ ਦੇ ਖੇਤਰ ਵਿੱਚ ਉਸ ਦੀ ਆਮਦ ਨਾਲ ਪੰਜਾਬੀ ਵਿੱਚ ਮਿਆਰੀ ਗੀਤ ਅਤੇ ਉਹਨਾਂ ਦੇ ਮਿਆਰੀ ਫਿਲਮਾਂਕਣ ਦਾ ਇੱਕ ਨਵਾਂ ਸਿਲਸਿਲਾ ਸ਼ੁਰੂ ਹੋਇਆ ਹੈ। ਓਪਰੀ ਨਜ਼ਰੇ ਇਹ ਸੱਚ ਵੀ ਜਾਪਦਾ ਹੈ ਪਰ ਜਿਸ ਸਤਹ ਤੋਂ ਜਰਾ ਹੇਠਾਂ ਜਾ ਕੇ ਦੇਖਿਆ ਜਾਵੇ ਤਾਂ ਇਹ ਸਹਿਜੇ ਹੀ ਪ੍ਰਤੱਖ ਹੋ ਜਾਂਦਾ ਹੈ ਕਿ ਉਸ ਨੇ ਬਹੁਤੀ ਵਾਰ ਲੋਕ-ਮਨ ਦੀਆਂ ਚਾਹਤਾਂ ਨੂੰ ਆਪਣੇ ਵਪਾਰ ਹਿੱਤ ਪ੍ਰਯੋਗ ਕੀਤਾ ਹੈ। ਅਜਿਹਾ ਕਰਦਿਆ ਉਸਨੇ ਪੰਜਾਬੀ ਬੰਦੇ ਨੂੰ ਬਦਮਾਸ਼ ਬਣਨ ਅਤੇ ਨਸ਼ੇ ਕਰਨ ਦੀ ਨਾ ਕੇਵਲ ਹੱਲਾ-ਸ਼ੇਰੀ ਦਿੱਤੀ ਹੈ ਸਗੋਂ ਇਸ ਸਭ 'ਤੇ ਹੰਕਾਰ ਕਰਨ ਅਤੇ ਇਸ ਦਾ ਜਸ਼ਨ ਮਨਾਉਣ ਦਾ ਵੱਲ ਵੀ ਸਿਖਾਇਆ ਹੈ। ਪੰਮੀ ਬਾਈ ਤੋਂ ਵੀ ਦੋ ਕਦਮ ਅੱਗੇ ਇਸ ਮਾਮਲੇ ਵਿੱਚ ਬੱਬੂ ਮਾਨ ਹੀ ਉਸ ਦੇ ਗੀਤਾਂ, 'ਮਿਤਰਾਂ ਨੂੰ ਸ਼ੌਕ ਹਥਿਆਰਾਂ ਦਾ' ਅਤੇ 'ਚੱਕ ਲੋ ਰਿਵਾਲਵਰ ਰਫਲਾਂ ਕਬਜਾ ਲੈਣਾ ਏ' ਦੇ ਬੋਲ ਅਤੇ ਇਨਾਂ ਦਾ ਫਿਲਮਾਂਕਣ ਵਿਕ੍ਰਿਤ ਸੂਰਬੀਰਤਾ ਦੀ ਨਸ਼ੀਲੀ ਅਤੇ ਭਰਮਾਊ ਡੋਜ਼ ਰਾਹੀਂ ਪੰਜਾਬੀ ਲੋਕ-ਮਨ ਨੂੰ ਸਿਰੇ ਦੇ ਹਿੰਸਕ/ਸਮਗਲਰ/ਕਾਤਲ ਬਣ ਜਾਣ ਦਾ ਪਾਠ ਪੜਾਉਂਦਾ ਹੈ। ਇਸ ਤਰ੍ਹਾਂ ਜੈਜ਼ੀ ਬੈਂਸ ਦੇ ਗੀਤ 'ਰੈਬੋ-ਰੈਬੋ' ਦਾ ਫਿਲਮਾਂਕਣ ਪੰਜਾਬੀਆਂ ਦੀ ਸ਼ਕਤੀਵਾਨ ਤੇ ਆਕਰਸ਼ਕ ਹੋਣ ਦੀ ਸਹਿਜ ਚਾਹਤ ਨੂੰ ਰਫਲਾਂ ਸਮਗਲਰਾਂ, ਜਹਾਜ਼ਾਂ, ਬਾਹਰਲੀਆਂ ਕਾਰਾਂ, ਸੋਨੇ ਦੀਆਂ ਛਾਪਾਂ ਤੇ ਚੇਨਾਂ ਦੇ ਹਿਰਸ ਦੇ ਰੂਪ ਵਿੱਚ ਪੇਸ਼ ਕਰਦਾ ਹੈ ਲੋਕ-ਮਨ ਦੀਆਂ ਸਹਿਜ ਚਾਹਤਾਂ ਦਾ ਮੰਡੀ ਦੀਆਂ ਲੋੜਾਂ ਅਨੁਸਾਰ ਕੀਤਾ ਇਹ ਰੂਪਾਂਤਰਨ ਕਿਸੇ ਵੀ ਤਰ੍ਹਾਂ ਪੰਜਾਬੀ ਸਭਿਆਚਾਰ ਦੇ ਚੰਗਰੇ ਤੇ ਉਸਾਰੂ ਭਵਿੱਖ ਦਾ ਸੂਚਕ ਨਹੀਂ ਬਣਦਾ।

ਸਮਕਾਲ ਵਿੱਚ ਪੰਜਾਬੀ ਲੋਕ-ਮਨ ਆਪਣੀ ਜਮੀਨ ਅਤੇ ਆਪਣੀ ਉਚੇਰੀ ਪਰੰਪਰਾ ਦੋਵਾਂ ਤੋਂ ਦੂਰ ਹੋ ਜਾਣ ਦੇ ਅਮਲ ਵਿੱਚੋਂ ਗੁਜਰ ਰਿਹਾ ਹੈ। ਪੰਜਾਬੀ ਲੋਕ-ਮਨ ਜਿਹੜਾ ਕਿਸੇ ਵਕਤ ਆਪਣੀ ਜ਼ਮੀਨ ਨੂੰ ਆਪਣੀ ਮਾਂ ਦਰਜਾ ਦਿੰਦਾ ਸੀ, ਅੱਜ ਬਦਲੀਆਂ ਹਾਲਤਾਂ ਵਿੱਚ ਉਸ ਜਮੀਨ ਨੂੰ ਵੇਚਣ ਦਾ ਅਮਲ ਬੇਹੱਦ ਸੁਖਾਲਾ ਹੋ ਗਿਆ ਹੈ। ਉਹ ਸੰਘਰਸ਼ ਨੂੰ ਤਿਆਗ ਕੇ ਖੁਦਕੁਸ਼ੀਆਂ ਕਰ ਰਿਹਾ ਹੈ ਯਾਦ ਰਹੇ ਇਕ ਲੋਕ-ਮਨ ਉਹਨਾਂ ਪੰਜਾਬੀ ਜੀਨਜ਼ ਚੋਂ ਹੀ ਹੈ ਜਿਹੜਾ 'ਮੌਤ ਨੂੰ ਮਖੌਲਾਂ ਕਰਨ' ਵਾਲਾ ਸੀ ਅਤੇ ਜਿਹੜਾ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਧਰਤੀ ਹੇਠਲਾ ਬੋਲਦ' ਵਿਚਲੇ ਉਸ ਬਜ਼ੁਰਗ ਪਿਤਾ ਦਾ ਵੰਸ਼ਕ ਹੈ ਜਿਸ ਨੇ ਦੂਜੇ ਦੀ ਖੁਸ਼ੀ ਦੀ ਖਾਤਰ ਆਪਣੇ ਜਵਾਨ ਪੁੱਤ ਦੀ ਹੋਈ ਮੌਤ ਨੂੰ ਲੁਕਾ ਕੇ ਰੱਖਣ ਦਾ ਵੱਡਾ ਜਿਗਰਾ ਅਤੇ ਸਬਰ ਦਿਖਾਇਆ ਸੀ। ਇਸ ਤਬਦੀਲੀ ਦੇ ਕਾਰਨਾਂ ਨੂੰ ਪੰਜਾਬੀ ਗੀਤ ਉਦਯੋਗ ਨਾਲ ਜੋੜ ਕੇ ਸਮਝਿਆ ਜਾ ਸਕਦਾ ਹੈ।

ਪੰਜਾਬੀ ਗੀਤਾਂ ਦਾ ਸੰਸਾਰ ਪੰਜਾਬੀ ਲੋਕ ਮਨ ਅੰਦਰ ਅਜਿਹੀ ਜੀਵਨ-ਜਾਚ ਦਾ ਪ੍ਰਵੇਸ਼ ਕਰ ਰਿਹਾ ਹੈ ਜਿਹੜੀ ਹੱਕ, ਮਿਹਨਤ ਅਤੇ ਸਬਰ ਦੀ ਥਾਂ ਸ਼ਕਤੀ (ਬਦਮਾਸ਼ੀ, ਦਿਸ਼ਾਹੀਣ ਸੂਰਮਗਤੀ), ਸੈਕਸ, ਦਾਰੂ ਨੂੰ ਆਪਣਾ ਉਦੇਸ਼ ਮਿੱਥ ਰਹੀ ਹੈ। ਪੰਜਾਬੀ ਦੇ ਬਹੁਤੇ ਗਾਣੇ ਜੱਟ ਬਾਰੇ ਨੇ ਤੇ ਉਸ ਨੂੰ ਸੰਬੋਧਿਤ ਨੇ ਤੇ ਲਿਹਾਜਾ ਉਹੀ ਸਭ ਤੋਂ ਵੱਧ ਬਦਲ ਰਿਹਾ ਹੈ। ਲਗਭਗ ਸਾਰੇ ਗਾਣਿਆਂ ਦੇ ਫਿਲਮਾਂਕਣ ਵਿੱਚ ਪੰਜਾਬੀ ਜੱਟ ਹੰਕਾਰਿਆਂ ਨਜ਼ਰ ਆ ਰਿਹਾ ਹੈ, ਜਿਹੜਾ ਲਲਕਾਰੇ ਮਾਰ ਰਿਹਾ, ਦੂਜੇ ਨੂੰ ਮਾਰਨ ਅਤੇ ਆਪ ਮਰਨ ਲਈ ਤਿਆਰ ਬੈਠਾ ਹੈ। ਸ਼ਰਾਬ ਦਾ ਨਾ ਕੇਵਲ ਸੇਵਨ ਕਰ ਰਿਹਾ ਹੈ ਸਗੋਂ ਇਸ ਵਿੱਚ ਮਾਣ ਵੀ ਮਹਿਸੂਸ ਕਰ ਰਿਹਾ ਹੈ, ਔਰਤ ਨੂੰ ਆਪਣੀ ਕਾਮੁਕ ਦਾਸੀ ਤੋਂ ਬਿਨਾਂ ਕੁੱਝ ਨਹੀਂ ਸਮਝਦਾ। ਅਜਿਹੇ ਜੱਟ/ਕਿਸਾਨ ਤੋਂ ਕੀ ਆਸ ਕੀਤੀ ਜਾ ਸਕਦੀ ਹੈ ਕਿ ਉਹ ਆਪਣੀ ਧਰਤੀ ਅਤੇ ਆਪਣੀ ਪਰੰਪਰਾ ਨਾਲ ਜੁੜ ਕੇ ਸਬਰ ਅਤੇ ਸੰਤੋਖ ਨਾਲ ਦਿਨ ਕੱਟੇਗਾ। ਸੱਚੀ ਗੱਲ ਤਾਂ ਇਹ ਹੈ ਕਿ ਪੰਜਾਬੀ ਲੋਕ-ਮਨ ਵਿੱਚੋਂ ਆਪਣੀ ਮਿੱਟੀ ਨਾਲ ਜੁੜੀ ਆਸਥਾ ਖਤਮ ਹੋ ਰਹੀ ਹੈ, ਲਿਹਾਜ਼ਾ ਜ਼ਮੀਨ ਵੇਚਣੀ ਬਦਲੀ ਹੋਈ ਜੀਵਨ ਵਿਧੀ ਦੀਆਂ ਲੋੜਾਂ ਨੂੰ ਪੂਰਨ ਹਿੱਤ ਮਾਧਿਅਮ ਬਣ ਕੇ ਰਹਿ ਗਈ ਹੈ।

ਪਿਛਲੇ ਲੰਮੇ ਸਮੇਂ ਦੌਰਾਨ ਲੋਕ-ਮਨ ਦੀ ਸੋਚਣ ਵਿਧੀ ਵਿੱਚ ਬਹੁਤ ਤਬਦੀਲੀ ਆਈ ਹੈ। ਪਰ ਇਸ ਦੇ ਬਾਵਜੂਦ ਇਸ ਦਾ ਔਰਤ ਪ੍ਰਤਿ ਨਜ਼ਰੀਆਂ ਪਿਛਾਂਹ-ਖਿਚੂ, ਧੱਕੜ ਅਤੇ ਦੇਹ ਤੱਕ ਸੀਮਿਤ ਰਿਹਾ ਹੈ। ਲੋਕ-ਮਨ ਨੇ ਔਰਤ ਦੀਆਂ ਦੇਹੀ ਇਛਾਵਾਂ ਭੌਤਿਕ ਲੋੜਾਂ ਅਤੇ ਸਮਾਜਿਕ ਫਰਜਾਂ ਨੂੰ ਆਪਣੇ ਦਾਬੇ ਅਧੀਨ ਰੱਖਦਿਆਂ ਉਸ ਦੀ ਹੋਂਦ-ਸਾਰਥਿਕਤਾ ਦੇ

ਨੂੰ ਮਨ-ਭਾਉਂਦੇ ਅਰਥ ਦਿੱਤੇ ਹਨ। ਉਹ ਪਰ-ਨਿਰਭਰ ਹੈ, ਕਾਮੁਕ ਹੈ ਅਤੇ ਉਸ ਦੀ ਦੇਹ ਸਮਾਜਿਕ ਮਰਿਯਾਦਾ ਜਮ੍ਹਾਂ ਕਾਮੁਕ ਸੋਸ਼ਣ ਦਾ ਕੇਂਦਰੀ ਧੁਰਾ ਹੈ। ਸੋਚਣ ਦੀ ਇਸ ਵਿਧੀ ਨੇ ਅਤੇ ਔਰਤ ਦੀ ਦੇਹ ਦੀ ਸਮਾਜਿਕ ਦਰਜੇਬੰਦੀ ਨੇ ਲੋਕ-ਮਨ ਦੀ ਔਰਤ ਪ੍ਰਤਿ ਇਸ ਪਹੁੰਚ ਨੂੰ ਕਈ ਗੁਣਾ ਵਧਾ-ਚੜ੍ਹਾ ਕੇ ਪੇਸ਼ ਕੀਤਾ ਹੈ ਅਤੇ ਮੋੜਵੇ ਲੋਕ-ਮਨ ਦਾ ਔਰਤ ਪ੍ਰਤਿ ਨਜਰੀਆ ਹੋਰ ਪਿਛਲਖੁਰੀ ਕਰ ਦਿੱਤਾ ਹੈ।

ਗੀਤ ਵੀਡੀਓ ਦੀਆਂ ਸੈਂਕੜੇ ਪੇਸ਼ਕਾਰੀਆਂ ਰਾਹੀਂ ਸਿਰਜਤ ਜਿਉਣ-ਵਿਧੀ ਦਾ ਪਿਛਲੱਗ ਬਣ ਰਿਹਾ ਪੰਜਾਬੀ ਲੋਕ-ਮਨ ਪਾਸਾਰਾਂ ਦੇ ਲਗਾਤਾਰ ਦਮਨ ਦਾ ਕਾਰਨ ਬਣ ਰਿਹਾ ਹੈ। ਬੱਬੂ ਮਾਨ ਦੇ ਗੀਤ 'ਚੌਥਾ ਪੈਗ ਲਾ ਕੇ ਤੇਰੀ ਬਾਂਹ ਫੜਨੀ' ਦੇ ਬੋਲ ਅਤੇ ਇਸ ਦਾ ਵੀਡੀਓ ਔਰਤ ਵਿਰੋਧੀ ਸੋਚਣ-ਵਿਧੀ ਦੀ ਇੱਕ ਮਹੱਤਵਪੂਰਨ ਉਦਾਹਰਣ ਹੈ। ਇਹ ਵੀਡੀਓ ਹਥਿਆਰ ਅਤੇ ਸ਼ਰਾਬ ਦੇ ਨਸ਼ੇ ਵਿੱਚ ਚੂਰ ਇੱਕ ਬਦਮਾਸ਼ ਪੰਜਾਬੀ ਗੱਭਰੂ ਦੁਆਰਾ ਇੱਕ ਪੱਬ ਵਿੱਚ ਡਾਂਸਰ ਕੁੜੀਆਂ ਨੂੰ ਹਵਾ ਵਿੱਚ ਕੀਤੇ ਫਾਇਰਾਂ ਦੀ ਧੌਂਸ ਅਤੇ ਅੰਨੀ ਦੌਲਤ ਦੇ ਦਾਬੇ ਹੇਠ ਜਬਰਦਸਤੀ ਆਪਣੇ ਨਾਲ ਨਚਾਉਣ ਅਤੇ ਉਹਨਾਂ ਦੇ ਜਿਸਮ ਨੂੰ ਧੱਕੇ ਨਾਲ ਆਪਣੀ ਕਾਮ ਵਾਸਨਾਂ ਦਾ ਸਾਧਨ ਬਣਾਉਣ ਦੇ ਦ੍ਰਿਸ਼ਾਂ ਨਾਲ ਨੇਪਰੇ ਚੜ੍ਹਦਾ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਵੀਡੀਓ ਪਿੱਛੇ ਕਾਰਜਸ਼ੀਲ ਦ੍ਰਿਸ਼ਟੀ ਇੱਕ ਸ਼ਰਾਬੀ ਬਦਮਾਸ਼ (ਜਿਸ ਦੇ ਡੌਲੇ ਤੇ ਖੰਡੇ ਦਾ ਟੈਟੂ ਖੁਣਿਆ ਹੋਇਆ ਹੈ।), ਦੁਆਰਾ ਕੁੜੀਆਂ ਤੇ ਕੀਤੇ ਜਾ ਰਹੇ ਮਾਨਸਿਕ ਅਤੇ ਸ਼ਰੀਰਕ ਤਸ਼ਦੱਦ ਨੂੰ ਨਿੰਦਣ ਦੀ ਥਾਂ ਉਸਦਾ ਜਸ਼ਨ ਮਨਾਉਂਦੀ ਹੈ। ਇਸ ਵੀਡੀਓ ਦਾ ਸੰਸਾਰ ਔਰਤ ਹੋਂਦ ਪ੍ਰਤੀ ਇਸ ਕਦਰ ਸੰਵੇਦਨਹੀਨ ਹੈ ਕਿ ਉਹ ਤੰਗ ਕੀਤੀਆਂ ਜਾ ਰਹੀਆਂ ਕੁੜੀਆਂ ਦੇ ਜਿਸਮ ਨੂੰ ਵਿਭਿੰਨ ਕੈਮਰਾ ਮੂਵਮੈਂਟਾ ਰਾਹੀਂ ਕਾਮੁਕ ਆਨੰਦ ਦੇਣ ਵਾਲੀ ਵਸਤੂ ਵਜੋਂ ਪੇਸ਼ ਕਰਨ ਦੀ ਕੁਤਾਹੀ ਤੋਂ ਵੀ ਨਹੀਂ ਖੁੰਝਦਾ।

ਗੀਤ ਫਿਲਮਾਂਕਣ ਵਿੱਚ ਔਰਤ ਭਰਪੂਰ ਰੂਪ ਵਿੱਚ ਹਾਜਰ ਹੈ ਪਰ ਇਸ ਦੀ ਹਾਜਰੀ ਦਾ ਹੋਣਾ ਕਿਸੇ ਔਰਤ ਪੱਖੀ ਸੋਚਣ ਢੰਗ ਦੀ ਸਿਰਜਨਾ ਦਾ ਸਿੱਟਾ ਨਹੀਂ ਸਗੋਂ ਇਹ ਤਾਂ ਲੋਕ-ਮਨ ਅੰਦਰ ਵਸੇ ਔਰਤ ਵਿਰੋਧੀ ਖਿਆਲਾ ਨੂੰ ਇੱਕ ਹੁੰਗਾਰਾ ਹੈ। ਲੋਕ-ਮਨ ਅੰਦਰ ਔਰਤ ਦੇ ਜਿਸਮ ਨੂੰ ਦ੍ਰਿਸ਼ ਅਨੰਦ ਵਜੋਂ ਵਰਤਣ ਅਤੇ ਮਾਣਨ ਦੀ ਰੁਚੀ ਢੇਰ ਚਿਰ ਪੁਰਾਣੀ ਹੈ, ਪਰ ਪੰਜਾਬ ਦੇ ਗੀਤ ਉਦਯੋਗ ਨੇ ਪੰਜਾਬੀ ਲੋਕ-ਮਨ ਦੀ ਇਸ ਹਸਰਤ ਨੂੰ ਜਿਸ ਤੇਜ਼ੀ ਅਤੇ ਜਿਸ ਪ੍ਰਭਾਵਸ਼ਾਲੀ ਤਰੀਕੇ ਨਾਲ ਪ੍ਰਯੋਗ ਕੀਤਾ ਹੈ, ਉਸ ਹੈਰਾਨ ਕਰ ਦੇਣ ਵਾਲਾ ਹੈ। ਲਗਭਗ ਹਰ ਗੀਤ ਦੇ ਵੀਡੀਓ ਵਿੱਚ ਔਰਤ ਦੇ ਜਿਸਮ ਦੀ ਨੁਮਾਇਸ਼ ਨੂੰ ਗੀਤ ਜਾਂ ਗਾਇਕ ਦੀ ਮਸ਼ਹੂਰੀ ਹਿੱਤ ਜੁਗਤ ਵਜੋਂ ਵਰਤਿਆ ਜਾਂਦਾ ਹੈ। ਇੱਥੇ ਇੱਕ ਬਹੁਤ ਮਹੱਤਵਪੂਰਨ ਗੱਲ ਧਿਆਨ ਕਰਨ ਯੋਗ ਹੈ ਕਿ ਪੰਜਾਬੀ ਗੀਤਾਂ ਦੀ ਵੀਡੀਓ ਨੂੰ ਤਿਆਰ ਕਰਨ ਵਾਲੇ 95 ਪ੍ਰਤੀਸ਼ਤ ਲੋਕ ਮਰਦ ਹਨ, ਅਤੇ ਉਹਨਾਂ ਇਹ ਵੀ ਪਹਿਲਾ ਹੀ ਮੰਨ ਲਿਆ ਹੋਇਆ ਹੈ ਕਿ ਇਨ੍ਹਾਂ ਗੀਤਾਂ ਨੂੰ ਦੇਖਣ ਵਾਲੇ ਦਰਸ਼ਕ ਦਾ ਰੂਪ ਵੀ ਮਰਦਾਨਾ ਹੈ, ਇਸ ਤਰ੍ਹਾਂ ਸਮੁੱਚੇ ਗੀਤ ਵੀਡੀਓ ਦੇ ਪਿੱਛੇ ਕਾਰਜਸ਼ੀਲ ਦ੍ਰਿਸ਼ਟੀ ਮਰਦ ਦੀ ਹੋਣ ਕਾਰਨ ਗੀਤ ਵਿਚਲੇ ਦ੍ਰਿਸ਼ਾਂ ਦਾ ਸੰਸਾਰ ਮਰਦ ਦੀ ਚਾਹਤ ਅਨੁਸਾਰ ਢਲ ਕੇ ਹੀ ਪ੍ਰਦਸ਼ਿਤ ਹੁੰਦਾ ਹੈ।

ਪੰਜਾਬੀ ਗੀਤ ਫਿਲਮਾਕਣਾ ਦੁਆਰਾ ਸਿਰਜਿਤ ਉਪਭੋਗੀ ਸਭਿਆਚਾਰ ਪੰਜਾਬ ਵਿਰੋਧੀ ਸਮਾਜਿਕ ਧਾਰਨਾਵਾਂ ਦੀ ਸਿਰਜਣਾ ਦਾ ਵੱਡਾ ਪ੍ਰੇਰਕ ਹੈ। ਪੰਜਾਬੀ ਗੀਤ ਵੀਡੀਓ ਦਾ ਸਮੁੱਚਾ ਪ੍ਰਬੰਧ ਲੋਕ ਮਨ ਅੰਦਰ ਵਿਰਾਜਮਾਨ ਸਧਾਰਨ ਤੇ ਸਹਿਜ ਜੀਵਨ ਜਾਚ ਨੂੰ ਪ੍ਰਵਰਤਿਤ ਕਰ ਕੇ ਇਸ ਦੀ ਥਾਂ ਉਪਭੋਗੀ ਜੀਉਣ ਵਿਧੀ ਦਾ ਪ੍ਰਵੇਸ਼ ਕਰਵਾਉਂਦਾ ਹੈ। ਇਸ ਜਿਉਣ ਵਿਧੀ ਨੂੰ ਪੰਜਾਬੀ ਗੀਤ ਵੀਡੀਓ ਲੋਕ ਮਨ ਵਿੱਚ ਵਸੀ ਪੱਛਮ ਦੀ ਸ੍ਰੇਸ਼ਟਤਾ ਦੀ ਮਿੱਥ ਦੇ ਹਵਾਲੇ ਨਾਲ ਪ੍ਰਚਾਰਦੇ ਤੇ ਪ੍ਰਸਾਰਦੇ ਹਨ। ਪੰਜਾਬੀ ਮਨ ਅੰਦਰ ਪੱਛਮ ਪ੍ਰਤੀ ਖਿੱਚ ਦਾ ਕੋਈ ਪਾਰਾਵਾਰ ਨਹੀਂ ਤੇ ਇਸ ਖਿੱਚ ਨੂੰ ਵਿਭਿੰਨ ਪੱਛਮੀ ਲੋਕੇਸ਼ਨਾ, ਕਾਸਟਿਊਮ ਅਤੇ ਨਾਚ ਦਿੱਖਾ ਪੰਜਾਬੀ ਗੀਤ ਸੰਗੀਤ ਤੇ ਵਪਾਰੀਆਂ ਨੇ ਕੈਸ਼ ਕੀਤਾ ਹੈ। ਗੀਤਾਂ ਅਤੇ ਇਹਨਾਂ ਦੇ ਫਿਲਮਾਂਕਣਾ ਵਿੱਚ ਵੱਡੀਆਂ ਕੋਠੀਆਂ, ਵੱਡੀਆਂ ਤੇ ਬਾਹਰਲੀਆਂ ਕਾਰਾਂ, ਮੋਟਰਸਾਇਕਲਾਂ, ਅਮੀਰ ਅਤੇ ਆਲੀਸ਼ਾਨ ਪੱਬਾਂ, ਰੈਸਟੋਰੈਂਟਾਂ ਦਾ ਜਿਕਰ ਪੰਜਾਬੀ ਲੋਕ-ਮਨ ਅੰਦਰ ਇਹਨਾਂ ਦੀ ਹਾਲਤ ਨੂੰ ਸਿਰਜਦਾ ਅਤੇ ਪੱਕਿਆ ਕਰਦਾ ਹੈ। ਪੰਜਾਬੀ ਬੰਦਾ ਤੇਜ਼ੀ ਨਾਲ ਵੱਡੀਆਂ ਕਾਰਾਂ, ਵੱਡੇ ਘਰ ਤੇ ਮਹਿੰਗੇ ਬ੍ਰਾਂਡਾ ਨਾਲ ਸਾਜੋ ਸਮਾਨ ਦਾ ਗ੍ਰਾਹਕ ਚਾਹਵਾਨ ਬਣ ਰਿਹਾ ਹੈ। ਖਪੱਤ ਮਾਨਸਿਕਤਾ ਦੇ ਇਸ ਪਹਿਲੂ ਨੇ ਪੰਜਾਬੀ ਲੋਕ-ਮਨ ਨੂੰ ਮੰਡੀ ਦੀ ਵਸਤੂ ਬਣਾ ਦਿੱਤਾ ਹੈ। ਪੰਜਾਬੀ ਗੀਤਾਂ ਦਾ ਇਹ ਵੀਡੀਓ ਸੰਸਾਰ ਕੇਵਲ ਮਰਦ ਨੂੰ ਹੀ ਔਰਤ ਹੋਂਦ ਪ੍ਰਤੀ ਅੰਸਵੇਦਨਸ਼ੀਲ ਨਹੀਂ ਕਰ ਰਿਹਾ ਸਗੋਂ ਔਰਤ ਮਨ ਨੂੰ ਵੀ ਅਸਤਿਤਵ ਦੇ ਮੂਲ ਔਰਤਵਾਦੀ ਸਰੋਕਾਰਾਂ ਤੋਂ ਤੋੜ ਰਿਹਾ ਹੈ। ਔਰਤ ਹੋਣ ਦੇ

ਜੋ ਮਾਪ-ਦੰਡ ਉਸ ਨੂੰ ਸਮਝਾਏ ਜਾ ਰਹੇ ਹਨ ਅਤੇ ਉਹ ਸਮਝ ਰਹੀ ਹੈ, ਉਸ ਮਰਦ ਦੇ ਉਸ ਤੋਂ ਤਵੱਕੋ ਦੇ ਹਨ, ਪੰਜਾਬੀ ਗੀਤਾਂ ਦੇ ਵੀਡੀਓ ਜਿਸ ਔਰਤ ਨੂੰ ਸਭ ਤੋਂ ਵੱਧ ਦਿਖਾਉਂਦੇ ਹਨ ਉਸੇ ਦੀ ਪ੍ਰਮਾਣਿਕ ਅਵਾਜ ਦਾ ਦਮਨ ਕਰਦੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਪੰਜਾਬੀ ਗੀਤਾਂ ਦੇ ਵੀਡੀਓ ਵਿੱਚ ਜਿਸਮ ਤਾਂ ਔਰਤ ਦਾ ਹੈ ਪਰ ਜਿਸਮ ਦੇ ਹਵਾਲੇ ਨਾਲ ਪੇਸ਼ ਹੋ ਰਹੀਆਂ ਚਾਹਤਾਂ ਵੱਧ ਗਈਆਂ ਹਨ। ਉਹ ਚੁੱਪ ਚਾਪ ਮਰਦ ਦੀ ਚਾਹਤ ਅਧੀਨ ਉਸ ਦੀ ਕਾਮ ਪੂਰਤੀ ਦੇ ਸਾਧਨ ਵੱਜੋਂ ਕਾਮੁਕ ਮੁਦਰਾਵਾਂ ਸਹਿਤ ਬਸ ਨੱਚਦੀ ਹੈ ਕਹਿੰਦੀ ਕੁਝ ਨਹੀਂ। ਜਿਥੇ ਕਿਤੇ ਉਹ ਬੋਲਦੀ ਦਿਖਾਈ ਵੀ ਗਈ ਹੈ ਉਥੇ ਵੀ ਉਸ ਦੀ ਅਵਾਜ ਆਪਣੀ ਨਹੀਂ ਸਗੋਂ ਮਰਦ ਦੀ ਹੈ। ਮਰਦ ਦੀ ਚਾਹਤ ਹੀ ਉਸਦੇ ਮੂੰਹੋ ਬੋਲ ਰਹੀ ਹੁੰਦੀ ਹੈ। ਉਸ ਦੇ ਅਸਤਿਤਵ ਨੂੰ ਮਰਦ ਦੀ ਚਾਹਤ ਅਤੇ ਘਰ ਦੀ ਚਾਰ ਦੀਵਾਰੀ ਤੱਕ ਸੀਮਿਤ ਕਰ ਦਿੱਤਾ ਗਿਆ ਹੈ। ਵਿਭਿੰਨ ਗੀਤਾ ਦੇ ਬੋਲਾਂ ਅਤੇ ਉਹਨਾਂ ਦੇ ਫਿਲਮਾਂਕਣ (ਮਿਸ ਪੂਜਾ ਦਾ ਗੀਤ-ਸੰਸਾਰ ਇਸ ਦੀ ਮੁੱਖ ਉਦਾਹਰਨ ਹੈ) ਰਾਹੀਂ ਸਿਰਜਤ ਮਰਦ ਅਨੁਸਾਰੀ ਔਰਤ-ਬਿੰਬ ਨੂੰ ਆਤਮਸਾਤ ਕਰਦੀ ਪੰਜਾਬੀ ਔਰਤ ਆਪਣੀ ਗੁਲਾਮੀ ਨੂੰ ਹੀ ਆਪਣੇ ਅਸਤਿਤਵ ਦਾ ਅਸਲ ਮਕਸਦ ਸਮਝਣ ਲੱਗੀ ਹੈ। ਇਸ ਗੁਲਾਮੀ ਵਿਚੋਂ ਉਹ ਆਨੰਦ ਮਾਣਨ ਲੱਗੀ ਹੈ ਅਤੇ ਇਸ ਤਰ੍ਹਾਂ ਕਿਸੇ ਵੀ ਕਿਸਮ ਦੀ ਬਰਾਬਰਤਾ ਦੀ ਮੰਗ ਦੇ ਉੱਠਣ ਦਾ ਮੌਕਾ ਹੋਣ ਤੋਂ ਪਹਿਲਾਂ ਹੀ ਮਰ ਰਿਹਾ ਹੈ।

ਪੰਜਾਬੀ ਗੀਤ ਉਦਯੋਗ ਦੇ ਪੰਜਾਬ ਵਿਰੋਧੀ ਇਸ ਮਾਇਆ ਜਾਲ ਵਿੱਚ ਗੁਰਦਾਸ ਮਾਨ ਅਤੇ ਕੁੱਝ ਹੋਰਨਾਂ ਗਾਇਕਾਂ ਦੇ ਚੋਣਵੇ ਗੀਤ ਆਸ ਦੀ ਕਿਰਨ ਦੇ ਰੂਪ ਵਿੱਚ ਹਾਲੇ ਪੂਰੀ ਤਰ੍ਹਾਂ ਰੋਸ਼ਨ ਹਨ। ਇਹ ਇਸ ਗੱਲ ਦੀ ਜਿਉਂਦੀ ਜਾਗਦੀ ਪ੍ਰਤੱਖ ਉਦਾਹਰਨ ਹੈ ਕਿ ਮੰਡੀ ਵਿੱਚ ਉਚੇਰੀਆ ਲੇਖਣੀਆਂ ਅਤੇ ਸਦਾਚਾਰਕ ਗੀਤ-ਫਿਲਮਾਂਕਣ ਰਾਹੀਂ ਵੀ ਕਾਮਯਾਬ ਹੋਇਆ ਜਾ ਸਕਦਾ ਹੈ। ਇਹ ਇਸ ਗੱਲ ਦੀ ਵੀ ਮਿਸਾਲ ਹੈ ਕਿ ਲੋਕ-ਮਨ ਨੇ ਹਾਲੇ ਤੱਕ ਆਪਣੀਆਂ ਸਾਰੀਆਂ ਕਮਜੋਰੀਆਂ ਦੇ ਬਾਵਜੂਦ ਚੰਗੀਆਂ ਚੀਜਾਂ ਨੂੰ ਹੁੰਗਾਰਾ ਦੇਣਾ ਬੰਦ ਨਹੀਂ ਕੀਤਾ। ਇਹਨਾਂ ਦਾ ਹੋਣਾ ਨਿਰਸੰਦੇਹ ਚੰਗੇ ਭਾਗਾਂ ਵਾਲੀ ਗੱਲ ਹੈ ਪਰ ਕੇਵਲ ਇੰਨਾਂ ਕੁੱਝ ਥੋੜ੍ਹੇ ਜਿਹੇ ਗੀਤਾਂ ਦਾ ਹੋਣਾ ਹੀ ਇਸ ਹਨੇਰੀ ਨੂੰ ਠੱਲ ਪਾ ਦੇਵੇਗਾ, ਇਹ ਸੋਚਣਾ ਮੁਸੀਬਤ ਤੋਂ ਅੱਖਾਂ ਮੋੜਣ ਵਾਲੀ ਗੱਲ ਹੈ। ਇਸ ਵਕਤ ਅਸੀਂ ਵਕਤ ਦੇ ਉਸ ਮੋੜ ਤੇ ਹਾਂ ਜਿਥੇ ਲੋਕ-ਮਨ ਨੂੰ ਉਸ ਦੀਆਂ ਪਰੰਪਰਕ ਉਚੇਰੀਆਂ ਕਦਰਾਂ ਦੀ ਪਛਾਣ ਲਈ ਰੁੱਖ-ਸਿਰ ਕੀਤਾ ਜਾ ਸਕਦਾ ਹੈ, ਜੇ ਕੁੱਝ ਦੇਰ ਹੋਰ ਇੰਝ ਹੀ ਗੁਜਰ ਗਈ ਤਾਂ ਫੇਰ ਸ਼ਾਇਦ ਕੁੱਝ ਨਾ ਕਰ ਸਕੀਏ।

## ਕੁੱਝ ਮਹੱਤਵਪੂਰਨ ਪ੍ਰਸ਼ਨ

1. ਪੰਜਾਬੀ ਲੋਕ-ਕਾਵਿ ਦੇ ਲੱਛਣ ਦਸਦੇ ਹੋਏ ਪੰਜਾਬੀ ਲੋਕ-ਗੀਤ ਦੀਆਂ ਵਿਸ਼ੇਸ਼ਤਾਵਾਂ ਦਾ ਉਲੇਖ ਕਰੋ।
2. ਲੋਕਧਾਰਾ ਦੀ ਪਰਿਭਾਸ਼ਾ ਅਤੇ ਲੱਛਣਾਂ ਬਾਰੇ ਚਰਚਾ ਕਰੋ।
3. ਲੋਕਧਾਰਾ ਸ਼ਾਸਤਰ ਦੀਆਂ ਸੰਭਾਵਨਾਵਾਂ 'ਤੇ ਵਿਚਾਰ ਕਰੋ।
4. ਲੋਕ-ਕਥਾਵਾਂ ਬਾਰੇ ਚਰਚਾ ਕਰਦੇ ਹੋਏ, ਪੰਜਾਬੀ ਲੋਕ-ਕਥਾਵਾਂ ਦਾ ਵਰਗੀਕਰਨ ਕਰੋ।
5. ਅਖੌਤਾ ਅਤੇ ਬੁਝਾਰਤਾਂ ਬਾਰੇ ਸੁਵਿਸਥਾਰ ਜਾਣਕਾਰੀ ਕਰਵਾਉ।
6. ਲੋਕਧਾਰਾ ਤੇ ਸਾਹਿਤ ਅੰਤਰ ਸੰਬੰਧਾਂ ਬਾਰੇ ਵਿਸਤ੍ਰਿਤ ਨੋਟ ਲਿਖੋ।

## ਛੋਟੇ ਉਤਰਾਂ ਵਾਲੇ ਪ੍ਰਸ਼ਨ

1. 'ਲੋਕਧਾਰਾ' ਦੀ ਪਰਿਭਾਸ਼ਾ ਲਿਖੋ।
2. 'ਪਰੰਪਰਾ' ਦੀ ਪਰਿਭਾਸ਼ਾ ਅਤੇ ਲੱਛਣਾਂ ਬਾਰੇ ਚਰਚਾ ਕਰੋ।
3. 'ਲੋਕ' ਸਕੰਲਪ ਦੀ ਵਿਆਖਿਆ ਕਰੋ।
4. 'ਲੋਕ-ਮਾਨਸ' ਦੀ ਵਿਆਖਿਆ ਕਰੋ।
5. ਲੋਕ-ਪ੍ਰਵਾਨਗੀ ਤੋਂ ਕੀ ਭਾਵ ਹੈ ?
6. ਲੋਕਧਾਰਾ ਦਾ ਪ੍ਰਮੁੱਖ ਖੇਤਰ ਕਿਹੜਾ ਹੈ ?
7. ਲੋਕ-ਕਲਾਵਾਂ ਵਿਚ ਕਿਹੜੀ ਸਮੱਗਰੀ ਰੱਖੀ ਜਾ ਸਕਦੀ ਹੈ ?
8. ਲੋਕ-ਸਾਹਿਤ ਦੇ ਲੱਛਣ ਦੱਸੋ।

9. ਸਾਹਿਤ ਅਤੇ ਲੋਕ-ਸਾਹਿਤ ਵਿਚ ਕੀ ਅੰਤਰ ਹੈ ?
10. ਲੋਕ-ਵਿਸ਼ਵਾਸ, ਲੋਕਧਾਰਾ ਵਿਚ ਕਿਉਂ ਸ਼ਾਮਲ ਕੀਤੇ ਗਏ ਹਨ ?
11. ਲੋਕਧਾਰਾ ਅਤੇ ਸਾਹਿਤ ਦੇ ਅੰਤਰ ਸਬੰਧਾਂ ਬਾਰੇ ਲਿਖੋ।
12. ਅਖੌਤ ਕਿਸ ਤਰ੍ਹਾਂ ਪ੍ਰਕਾਰ ਕਰਦੀ ਹੈ ?
13. ਲੋਕ-ਕਥਾਵਾਂ ਦੀ ਵਰਗ-ਵੰਡ ਦੇ ਕੀ ਆਧਾਰ ਹਨ ?
14. ਲੋਕ-ਕਥਾਵਾਂ ਦੀਆਂ ਮੁੱਖ ਵੰਨਗੀਆਂ ਕਿਹੜੀਆਂ ਕਿਹੜੀਆਂ ਹਨ ?
15. ਲੋਕ-ਕਥਾਵਾਂ ਦਾ ਸਮਾਜਕ ਤੇ ਸਭਿਆਚਾਰਕ ਮਹੱਤਵ ਦਸੋ।
16. ਬੁਝਾਰਤ ਕਿਸ ਤਰ੍ਹਾਂ ਪ੍ਰਕਾਰਜ਼ ਕਰਦੀ ਹੈ ?
17. ਅਖੌਤ ਦੀ ਪਰਿਭਾਸ਼ਾ ਲਿਖੋ।
18. ਪ੍ਰੌੜਤਾ ਦੀ ਵਿਧੀ ਅਪਣਾਉਂਦਿਆਂ ਕੋਈ ਦੋ ਅਖੌਤਾ ਦੱਸੋ।
19. ਕੋਈ ਦੋ ਸੰਕਲਪ ਬੌਧਕ-ਬੁਝਾਰਤਾਂ ਲਿਖੋ।
20. ਲੋਕ-ਕਾਵਿ ਕਿਸਨੂੰ ਆਖਦੇ ਹਨ ?
21. 'ਲੋਕ ਗੀਤ' ਨੂੰ ਲੋਕਧਾਰਾ ਦੇ ਕਿਰਿਆਤਮਕ ਰੂਪ ਵਿਚ ਕਿਉਂ ਰੱਖਿਆ ਜਾਂਦਾ ਹੈ।

## ਸਹਾਇਕ ਪੁਸਤਕਾਂ


1. ਡਾ. ਭੁਪਿੰਦਰ ਸਿੰਘ ਖਹਿਰਾ : ਲੋਕਧਾਰਾ, ਭਾਸ਼ਾ ਤੇ ਸਭਿਆਚਾਰਕ, ਪੈਪਸੂ ਬੁੱਕ ਡਿੱਪੂ, ਪਟਿਆਲਾ।
2. ਡਾ. ਭੁਪਿੰਦਰ ਸਿੰਘ ਖਹਿਰਾ : ਪੰਜਾਬੀ ਮਿਥਿਕ-ਕਥਾਵਾਂ ਦੀ ਚਿੰਨ੍ਹ ਜੁਗਤ; ਪੈਪਸੂ ਬੁੱਕ ਡਿਪੂ, ਪਟਿਆਲਾ
3. ਡਾ. ਕਰਨੈਲ ਸਿੰਘ ਥਿੰਦ : ਲੋਕਕਲਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ।
4. ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬ ਦੀ ਲੋਕਧਾਰਾ, ਨੈਸ਼ਨਲ ਬੁੱਕ ਟਰੱਸਟ ਇੰਡੀਆਂ ਦਿੱਲੀ, 1971
5. ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਲੋਕ ਆਖਦੇ ਹਨ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ।
6. ਡਾ. ਨਾਹਰ ਸਿੰਘ : ਲੋਕ-ਕਾਵਿ ਦੀ ਸਿਰਜਣ ਪ੍ਰਕਿਰਿਆ, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ।
7. ਸੁਖਦੇਵ ਮਾਦਪੁਰੀ (ਸੰਗ੍ਰਹਿਕਾਰ) : ਪੰਜਾਬੀ ਬੁਝਾਰਤਾਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
8. Claude Levi Strauss : Structional Ahtoropology, Pegim Books, 1965.
9. Hoijer H : Language in Culture, The University of Chicago, 1967.


(ਸੰਪਾ. ਡਾ. ਤਾਰਾ ਸਿੰਘ)

Type Setting:
Department of Distance Education, Punjabi University, Patiala.